ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

ਅਪ੍ਰੈਲ 1982



ਤਖ਼ਤ ਸ੍ਰੀ ਦਮਦਮਾ ਸਾਹਿਬ
ਤਲਵੰਡੀ ਸਾਬੋ (ਬਠਿੰਡਾ)

ਇਥੇ ਹਰ ਸਾਲ ਵੈਸਾਖੀ ਦਾ ਭਾਰੀ ਜੋੜ ਮੇਲਾ ਲਗਦਾ ਹੈ।

www.AKJ.org

www.AKJ.Org

# ਤਤਕਰਾ


| | | |
|---|---|---|
| ਖਾਲਸਈ ਨਵਖੰਡੀ ਝੰਡਾ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੩ |
| ਅੰਮ੍ਰਿਤ ਸਮਾਗਮ ਰਚਣ ਦਾ ਚੋਜ | ,, ,, ,, ,, | ੪ |
| ਆਤਮ-ਬਲ ਦਾ ਸੋਮਾ ਹਨ ਕੇਸ ਸੋਹਣੇ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੬ |
| ਗੁਰਸਿਖੀ ਕਿਵੇਂ ਪ੍ਰਫੁਲਤ ਹੋਵੇ ? | 'ਸੂਰਾ' ਪਰਵਾਰ | ੭ |
| ਅਬਦਾਲੀ, ਸਿਖ ਤੇ ਘਲੂਘਾਰਾ (ਆਖਰੀ ਕਿਸ਼ਤ ਦੀ ਬਾਕੀ) | ਕੈਪਟਿਨ ਸਵਰਨ ਸਿੰਘ ਜੀ | ੮ |
| ਸਿਖਾਂ ਤੇ ਨਿਰੰਕਾਰੀਆਂ ਦੇ ਸਮਝੌਤੇ ਬਾਰੇ | ਜਥੇਦਾਰ, ਅਖੰਡ ਕੀਰਤਨੀ ਜਥਾ | ੧੦ |
| ਪੂਰਬ ਜਨਮ ਕੇ ਮਿਲੇ ਸੰਜੋਗੀ (੩) | ਪ੍ਰੋਫੈਸਰ ਠਾਕਰ ਸਿੰਘ ਜੀ | ੧੧ |
| ਪੰਜਾਬ ਵਿਚ ਸਿਖਾਂ ਤੇ ਢਾਹੇ ਜਾ ਰਹੇ ਜ਼ੁਲਮ | ਟਾਈਮਜ਼ ਆਫ਼ ਇੰਡੀਆ | ੧੬ |
| ਨਿਰੰਕਾਰੀਆਂ ਬਾਰੇ ਜਥੇਦਾਰ ਅਕਾਲ ਤਖਤ ਸਾਹਿਬ ਦਾ ਬਿਆਨ | ਅਕਾਲੀ ਪਤ੍ਰਕਾ | ੧੭ |
| ਮਸੂਰੀ ਦੇ ਗੁਰਦਵਾਰੇ ਤੇ ਧਾੜਵੀਆਂ ਦਾ ਹਮਲਾ | ਅਜੀਤ, ਜਲੰਧਰ | ੧੮ |
| ਕਾਰਕਾਂ ਸੰਬੰਧੀ ਜਾਣ ਪਛਾਣ ਅਤੇ ਗੁਰਬਾਣੀ ਵਿਚ ਕਰਤਾ ਕਾਰਕ | ਭਾ: ਜੋਗਿੰਦਰ ਸਿੰਘ ਜੀ ਤਲਵਾੜਾ | ੨੦ |
| ਸਮੇਂ ਦੀ ਵੱਡੀ ਲੋੜ (ਕਵਿਤਾ) | ਪ੍ਰੋ: ਬਲਵਿੰਦਰ ਪਾਲ ਸਿੰਘ ਜੀ | ੩੨ |
| ਦੇਵੀ ਪਰਗਟ ਕਰਨ ਦਾ ਕਿੱਸਾ | ਲਾਲਾ ਦੌਲਤ ਰਾਮ ਜੀ | ੩੩ |
| ਫੁਲ ਹਰਿ ਸਰਿ ਪਾਵਣੇ | 'ਸੂਰਾ' ਪਰਵਾਰ | ੩੫ |
| ਖਾਲਸੇ ਨੇ ਵਿਗੜੀ ਸੰਵਾਰੀ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੩੬ |
| ਆਓ, ਗੁਰੂ ਵਾਲੇ ਬਣੀਏ ! | ਸ: ਚੰਚਲ ਸਿੰਘ ਜੀ ਨਾਗਪੁਰ | ੩੭ |
| ਭਾਈ ਭਗੀਰਥ ਅਤੇ ਭਾਈ ਮਨਸੁਖ | ਬੀਬੀ ਦਲਜੀਤ ਕੌਰ ਜੀ | ੩੯ |


| | | | |
|---|---|---|---|
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਿਆਈ | ੬ ਅਪ੍ਰੈਲ | ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੋਤੀ ਜੋਤਿ | ੬ ਅਪ੍ਰੈਲ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਵਤਾਰ | ੧੩ ,, | ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ | ੧੫ ,, |
| ਸ੍ਰੀ ਗੁਰੂ ਅੰਗਦ ਸਾਹਿਬ ਅਵਤਾਰ | ੨੪ ,, | ਵੈਸਾਖੀ ਖਾਲਸਾ ਪ੍ਰਗਟਿਆ | ੧੩ ,, |

## 'ਸੂਰਾ' ਮਾਸਕ ਪੱਤਰ ਨੂੰ ਫ਼ਰਵਰੀ ਤੇ ਮਾਰਚ ਵਿਚ ਪੁਜੀ ਸਹਾਇਤਾ

| | | |
|---|---|---|
| ਭਾ: ਸੋਹਣ ਸਿੰਘ ਖਾਲਸਾ ਨੰਗਲ ਲੁਬਾਣਾ | 'ਸੂਰਾ' ਦੀ ਚੜ੍ਹਦੀ ਕਲਾ ਲਈ | 11-00 |
| ਭਾ: ਗੁਰਬਚਨ ਸਿੰਘ ਨਾਭਾ | ਸਪੁੱਤਰ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 11-00 |
| ਭਾ: ਸੂਰਤ ਸਿੰਘ ਪੂਰਨ ਜੀ ਫਰੀਦਾਬਾਦ | 'ਸੂਰਾ' ਦੀ ਚੜ੍ਹਦੀ ਕਲਾ ਲਈ | 21-00 |
| ਸ: ਸਜਨ ਸਿੰਘ ਕਾਲਰਾ ਸੁਲਤਾਨਪੁਰ ਲੋਧੀ | ਕਾਕਾ ਜਤਿੰਦਰ ਪਾਲ ਸਿੰਘ ਦੀ ਨੌਕਰੀ ਦੀ ਖੁਸ਼ੀ ਵਿਚ | 11-00 |
| ਸ: ਸ਼ਿਵਚਰਨ ਸਿੰਘ ਬੱਲਾ | ਪੋਤਰਿਆਂ ਦੇ ਜਨਮ ਦਿਨ ਦੀ ਖੁਸ਼ੀ ਵਿਚ | 50-00 |
| ਸ: ਪ੍ਰੀਤਮ ਸਿੰਘ ਰਾਮਗੜ੍ਹੀਆ ਰਾਏਪੁਰ | 'ਸੂਰਾ' ਦੀ ਚੜ੍ਹਦੀ ਕਲਾ ਲਈ | 10-00 |
| ਸ: ਮਨਮੋਹਨ ਸਿੰਘ ਯੂ.ਐਸ.ਏ. | ,, ,, ,, | 125-00 |
| ਸ: ਧਰਮ ਸਿੰਘ ਬਰਨਪੁਰ | ਪਿਤਾ ਬਾਬਾ ਅਤਰ ਸਿੰਘ ਨਮਿਤ ਅਖੰਡ ਪਾਠ ਭੋਗ ਸਮੇਂ | 31-00 |
| ਸ: ਨਿਰਮਲ ਸਿੰਘ | 'ਸੂਰਾ' ਦੀ ਚੜ੍ਹਦੀ ਕਲਾ ਲਈ | 5-00 |
| ਸੂਬੇਦਾਰ ਦਰਸ਼ਨ ਸਿੰਘ | ,, ,, ,, | 5-00 |
| ਸ: ਸੁਰਿੰਦਰ ਸਿੰਘ ਖੰਨਾ | ,, ,, ,, | 10-00 |
| ਬੀਬੀ ਮਨਮੋਹਣ ਕੌਰ ਗਲਾਸਲਗੋ ਯੂ. ਕੇ. | ,, ,, ,, | 32-40 |
| ਬੀਬੀ ਗੁਰਮੇਜ ਕੌਰ ਯੂ. ਕੇ. | ,, ,, ,, | 4-57 |
| ਸ: ਜਗਮੋਹਨ ਸਿੰਘ ਜਲੰਧਰ | ਬੀਬੀ ਇਕਬਾਲ ਕੌਰ ਸੁਪਤਨੀ ਦੇ ਅੰਤਮ ਭੋਗ ਸਮੇਂ | 21-00 |
| ਬੀਬੀ ਸਤਵੰਤ ਕੌਰ ਸਹਿਗਲ ਯੂ.ਕੇ | 'ਸੂਰਾ' ਦੀ ਚੜ੍ਹਦੀ ਕਲਾ ਲਈ | 170-59 |
| ਸ: ਬਲਵੰਤ ਸਿੰਘ ਅੰਮ੍ਰਿਤਸਰ | ਸਪੁੱਤਰ ਦੇ ਅਨੰਦ ਕਾਰਜ ਦੇ ਸਮਾਗਮ ਸਮੇਂ ਚੜ੍ਹਾਵਾ | 72-10 |
| ਸ. ਅਵਤਾਰ ਸਿੰਘ ਤੰਬੜ ਕੈਨੇਡਾ | 'ਸੂਰਾ' ਦੀ ਚੜ੍ਹਦੀ ਕਲਾ ਲਈ | 25-00 |
| ਇਕ ਬੀਬੀ ਜੀ ਯੂ.ਕੇ | 'ਸੂਰਾ' ਦੀ ਚੜ੍ਹਦੀ ਕਲਾ ਲਈ | 101-00 |
| ਜੇ.ਐਸ. ਖਨੂਜਾ X.E.N | ਤਰੱਕੀ ਦੀ ਖੁਸ਼ੀ ਵਿਚ | 11-00 |
| ਮਾਸਟਰ ਹਰਭਜਨ ਸਿੰਘ ਹੁਸ਼ਿਆਰਪੁਰ | ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 11-00 |
| ਸ: ਭੁਪਿੰਦਰ ਸਿੰਘ | 'ਸੂਰਾ' ਦੀ ਚੜ੍ਹਦੀ ਕਲਾ ਲਈ | 5-00 |
| ਸ: ਗੁਰਜੀਤ ਸਿੰਘ ਡਡਲੀ ਯੂ.ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ | 17-40 |
| ਸ: ਜਸਵੰਤ ਸਿੰਘ ਫਿਰੋਜ਼ਪੁਰ | ,, ,, ,, | 11-00 |
| ਸ ਕਰਤਾਰ ਸਿੰਘ ਗਰੀਬ ਲੁਧਿਆਣਾ | ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 11-00 |

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

ਪਰਦੇਸ
ਸਮੁੰਦਰੀ ਡਾਕ ੩੦-੦੦

ਹਵਾਈ ਡਾਕ
ਅਰਬ, ਮਲਾਇਆ ੪੫-੦੦
ਯੂ. ਕੇ., ਅਫ਼ਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ



**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੬ ਅਪ੍ਰੈਲ ੧੯੮੨ ਅੰਕ ੪


## ਖਾਲਸਈ ਨਵਖੰਡੀ ਝੰਡਾ

[ਵਲੋਂ—ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸਾਹਿਬੇ ਕਮਾਲ ਨਿਰੰਕਾਰ ਗੁਰੂ ਸਾਹਿਬ ਨੇ, ਗੁਰੂ ਅਵਤਾਰੀ ਧੁਰ ਅਰਸ਼ਾਰੀ, ਧੁਰ ਦਰਬਾਰੀ ਗੁਰੂ ਸਾਹਿਬ ਨੇ ਧੁਰ-ਧੁਰੰਧਰੀ ਜੈ-ਬਿਜੈ-ਨਿਸ਼ਾਨੀ ਨਿਰੰਕਾਰੀ ਝੰਡਾ ਝੁਲਾਇਆ। ਖਾਲਸਾ ਪੰਥ ਦੀ ਅਬਚਲ ਨੀਂਹ ਕਾਇਮ ਦਾਇਮ ਰਖਣ ਲਈ ਨਾਮ ਖੜਗੇਸ਼ੀ ਤੇ ਬੀਰਤਾ ਮੁਕਤੇਸ਼ੀ ਦੋ ਧਾਰਾਂ ਵਾਲੇ ਖੰਡੇ ਦੇ ਨਾਲ ਚਕ੍ਰਵਰਤੀ ਦਾ ਠਹਿਰਾਨ ਠਹਿਰਾਇਆ, ਜਿਥੇ ਗੁਰੂ ਬਾਬੇ ਨਾਨਕ ਨੇ ਨਵਾਂ ਖੰਡਾਂ ਵਿਚ ਹਲੇਮੀ ਰਾਜ ਪੱਕਾ ਕਰਨ ਦਾ ਧੁਰਵਾ ਵੀ ਬੰਨ੍ਹਿਆ। ਇਸੇ ਕਰਕੇ ਹੀ ਅਕਾਲੀ ਝੰਡਾ ਨਵਖੰਡੀ ਫਹਿਰਕੇ ਵਾਲਾ ਝੰਡਾ ਹੈ। ਫਹਿਰਕੇ ਦੇ ਬਸੰਤੀ ਤੇ ਸੁਰਮਈ ਰੰਗ ਦੇ ਝੁਲਾਰੇ ਪ੍ਰਮਾਰਥੀ ਅਤੇ ਸੂਰਮਤਾਈ ਜੈ-ਬਿਜੈ ਦੇ ਸੰਬੋਧਕ ਹਨ। ਇਹ ਖਾਲਸਈ ਝੰਡਾ ਹੈ ਕਿ ਦੀਨ ਦੁਨੀ ਦੀ ਧੁਜਾ ਹੈ।

['ਗੁਰਮਤਿ ਲੇਖ' ਪੁਸਤਕ ਵਿਚੋਂ




www.AKJ.Org

# ਅੰਤਰਯਾਮੀ ਸਤਿਗੁਰੂ ਦਸਮੇਸ਼ ਜੀ ਦਾ ਵੈਸਾਖੀ ਤੇ
# ਅੰਮ੍ਰਿਤ ਸਮਾਗਮ ਰਚਣ ਦਾ ਚੋਜ

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਇਸ ਚੋਜ ਦੇ ਰਚਣ ਖ਼ਾਤਰ ਹੀ ਸਤਿਗੁਰੂ ਦਸਮੇਸ਼ ਜੀ ਨੇ, ਨੈਨਾਂ ਦੇਵੀ ਦਾ ਦੰਭ-ਨਿਵਾਰਨੀ-ਪਖੰਡ ਹਿੰਦਵੈਣੀ ਅਚਾਰਜਾਂ ਦਾ ਨਵਿਰਤ ਕਰਨ ਖ਼ਾਤਰ ਹੀ, ਇਹ ਸਾਰਾ ਅਡੰਬਰ ਨੈਣਾਂ ਦੇਵੀ ਦੇ ਪ੍ਰਸਿਧ ਟਿੱਲੇ ਉਤੇ ਰਚਣ ਕੀਤਾ, ਦੇਵੀ ਪ੍ਰਸਿਧ ਕਰਨ ਖ਼ਾਤਰ ਨਹੀਂ ਕੀਤਾ। ਪ੍ਰਿਥਮ ਤਾਂ ਹਿੰਦੂ ਪਖੰਡੀ ਮੱਤ ਦੇ ਅਚਾਰਜਾਂ ਦਾ ਇਹ ਹਮਾਕਤ ਭਰਿਆ ਪਖੰਡ ਦੂਰ ਕੀਤਾ ਅਤੇ ਉਨ੍ਹਾਂ ਪਖੰਡੀਆਂ ਦਾ ਜੋ ਇਹ ਦਾਅਵਾ ਸੀ ਕਿ ਅਸੀਂ ਆਪਣੀ ਜਾਨ ਦੀ ਅਹੂਤੀ ਦੇ ਕੇ ਦੇਵੀ ਪ੍ਰਸਿਧ ਕਰਾਂਗੇ, ਬਹੁਤ ਸਾਰੀ ਸਾਮਿਗ੍ਰੀ ਉਨ੍ਹਾਂ ਨੇ ਇਕੱਤਰ ਕਰਵਾਈ। ਓੜਕ ਜਦ ਉਨ੍ਹਾਂ ਤੋਂ ਕੁਛ ਨਾ ਸਰਿਆ ਤਾਂ ਪਿੱਠ ਦੇ ਕੇ ਭੱਜ ਨਸੇ। ਉਨ੍ਹਾਂ ਦੇ ਭਜ ਨੱਸਣ ਪਸਚਾਤ ਰਹਿੰਦ ਖੂੰਹਦ ਸਾਰੀ ਸਾਮਿਗ੍ਰੀ, ਜੋ ਭੱਜ ਨਿਕਲਣ ਵਾਲੇ ਪਖੰਡੀ ਬ੍ਰਾਹਮਣਾਂ ਨੇ ਇਕੱਤਰ ਕਰਵਾਈ ਸੀ, ਸਾਰੀ ਦੀ ਸਾਰੀ ਇਕ-ਦਮ ਹੀ ਪ੍ਰਚੰਡਕਾ ਦੇ ਭੇਟ ਕਰ ਦਿਤੀ, ਜਿਸ ਕਰਕੇ ਬੜਾ ਹੀ ਚਾਨਣਾ ਪ੍ਰਚੰਡ ਹੋ ਗਿਆ, ਜਿਸ ਨੂੰ ਆਮ ਕੁਬੁਧੀ ਵਾਲੇ ਲੋਕ ਦੇਵੀ ਪ੍ਰਗਟ ਹੋਈ ਸਮਝਣ ਲੱਗ ਪਏ। ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਨੇ ਉਸ ਟਿੱਬੇ ਉਤੋਂ ਉਤਰ ਕੇ ਅਤੇ ਵੰਗਾਰ ਕੇ ਆਮ ਲੋਕਾਂ ਨੂੰ ਦਸਿਆ ਕਿ ਖ਼ਾਲਸਾ ਜੀ ਦੀ (ਗੁਰੂ ਘਰ ਦੀ) ਇਹੋ ਦੇਵੀ ਸ੍ਰੀ ਸਾਹਿਬ, ਅਥਵਾ ਭਗਉਤੀ ਹੈ, ਹੋਰ ਕੋਈ ਦੇਵੀ ਨਹੀਂ।

ਓਦੂੰ ਪਿਛੋਂ ਸ੍ਰੀ ਦਸਮੇਸ਼ ਜੀ ਨੇ ਦੂਜਾ ਚੋਜ ਇਹ ਰਚਿਆ ਕਿ ਤੰਬੂ ਤਾਣ ਕੇ ਉਸ ਦੇ ਅੰਦਰੋ ਅੰਦਰ ਪੰਜਾਂ ਪਿਆਰਿਆਂ ਦਾ ਸੀਸ ਲੈ ਕੇ ਅਤੇ ਉਸ ਤੰਬੂ ਦੇ ਅੰਦਰ ਪੰਜਾਂ ਸਿੰਘਾਂ ਤੋਂ ਖ਼ੁਦ ਅੰਮ੍ਰਿਤ ਛਕ ਕੇ ਸਾਵਧਾਨ ਹੋ ਨਿਕਲੇ। ਇਹ ਇਤਿਹਾਸਕਾਰਾਂ ਦੀ ਬਿਲਕੁਲ ਗ਼ਲਤ ਸਟੋਰੀ (ਕਹਾਣੀ) ਪਾਈ ਹੋਈ ਹੈ ਕਿ ਤੰਬੂ ਦੇ ਅੰਦਰ ਪੰਜ ਬੱਕਰੇ ਬੱਧੇ ਗਏ :—ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ॥੧੪॥ ਬਚਿਤ੍ਰ ਨਾਟਕ ਦੇ ਮਹਾਂਵਾਕ ਅਨੁਸਾਰ ਗੁਰਮਤਿ ਅਨੁਸਾਰ ਇਹ ਮਹਾਂ ਕੁਕਾਜ ਗਰਦਾਨਿਆ ਜਾ ਸਕਦਾ ਹੈ ਕਿ ਸਤਿਗੁਰੂ ਸ੍ਰੀ ਦਸਮੇਸ਼ ਜੀ ਕਰਨ ਕੁਛ ਤੇ ਦਿਖਾਉਣ ਕੁਛ। ਆਮ ਲੋਕੀ ਇਸ ਕੋਤਕ ਨੂੰ ਦੇਖ ਕੇ ਦੰਗ ਰਹਿ ਗਏ। ਵਰਨ ਆਸ਼ਰਮ ਸਾਰੇ ਮਿਟਾ ਕੇ, ਸਤਿਗੁਰੂ ਜੀ ਨੇ ਸਾਰੇ ਵਰਨਾਂ ਦੇ ਸਾਂਝੇ ਪੰਜ ਪਿਆਰੇ ਸੀਸ ਭੇਟਾ ਲੈ ਕੇ ਰਚੇ ਤੇ ਉਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਉਸੇ ਤੰਬੂ ਅੰਦਰ ਹੀ ਅੰਮ੍ਰਿਤ ਪਾਨ ਕੀਤਾ ਅਤੇ "ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ" ਦੀ ਰੀਤ ਚਲਾਈ। ਇਹ ਇਤਫ਼ਾਕ ਦੀ ਗੱਲ ਸੀ ਕਿ ਉਸ ਸਮੇਂ ਪੰਜ ਪਿਆਰੇ ਜੋ ਨਿਤਰੇ, ਉਹ ਗਿਣਵੇਂ ਪੰਜ ਵਰਨਾਂ ਵਿਚੋਂ ਹੀ ਸਨ। ਇਸ ਦਾ ਇਹ ਭਾਵ ਨਹੀਂ ਕਿ ਇਸਤ੍ਰੀ ਜਾਤੀ ਆਦਿਕ ਹੋਰ ਸਾਰੇ ਵਰਨ ਵਾਂਝੇ ਰਖੇ ਗਏ, ਜੈਸਾ ਕਿ ਝੀਵਰ, ਨਾਈ ਆਦਿਕ ਵਰਨਾਂ ਵਿਚੋਂ ਲਏ ਗਏ। ਪੰਜਾਂ ਪਿਆਰਿਆਂ ਦੀ ਮਿਸਾਲ ਲੈ ਕੇ ਅੱਜ ਕੱਲ੍ਹ ਦੇ ਥੋੜ-ਦਿਲੇ ਵਰਨ-ਆਸ਼ਰਮੀ ਹਮਾਕਤ-ਬਾਜ਼ ਇਹ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਗੇਣਵੇਂ ਵਰਨ-ਆਸ਼ਰਮ ਹੀ ਪੰਜ ਪ੍ਰਕਾਰੀ ਬੰਦਿਆਂ ਤੋਂ ਬਾਹਰ ਹੋਰ ਕੋਈ ਵਰਣ-ਆਸ਼ਰਮੀ ਬੰਦਾ ਪੰਜਾਂ ਪਿਆਰਿਆਂ ਵਿਚ ਲਿਆ ਹੀ ਨਹੀਂ ਜਾ ਸਕਦਾ।

ਇਸਤ੍ਰੀ ਜਾਤੀ ਨੂੰ ਆਮ ਹਿੰਦਵੈਣੀ ਅਕੀਦੇ ਅਨੁਸਾਰ ਸੂਦਰ ਜਾਤੀ ਵਿਚ ਸ਼ੁਮਾਰ ਕੀਤਾ ਜਾਂਦਾ ਸੀ, ਜੋ ਅੱਜ ਕਲ੍ਹ ਓਸੇ ਘਟੀਅਲ ਅਕੀਦੇ ਵਾਲੇ ਨਾਈ ਝੀਵਰ ਆਦਿਕ ਪੰਜਾਂ ਪਿਆਰਿਆਂ ਦੀ ਮਿਸਾਲ ਵਾਲੇ ਕੁਸਮਝ ਲੋਗ ਕੁਸਮਝੀ ਬੈਠੇ ਹਨ। ਅਨੇਕਾਂ ਹੀ ਇਸਤ੍ਰੀ ਪੁਰਸ਼ ਆਨ ਵਰਨ-ਆਸ਼ਰਮਾਂ ਵਿਚੋਂ ਸ੍ਰੀ ਦਸਮੇਸ਼ ਜੀ ਨੇ ਸਿੰਘ ਸਜਾਏ। ਏਥੋਂ ਤਕ ਕਿ ਮੁਹੰਮਦੀਆਂ ਚੌਥੇ ਪੌੜੇ ਵਾਲੇ (ਅਖਾਉਤੀ ਰੰਘਰੇਟੇ) ਨੂੰ ਵੀ ਖੰਡੇ ਦੇ ਅੰਮ੍ਰਿਤ



www.AKJ.Org

ਦਾ ਬਾਟਾ ਪ੍ਰਦਾਨ ਕਰ ਕੇ ਉਚ ਦੁਮਾਲੜੇ ਵਾਲਾ ਸਿੰਘ ਸਜਾਇਆਂ।

ਸ੍ਰੀ ਦਸਮੇਸ਼ ਜੀ ਦਾ ਇਹ ਚੋਜ ਨਿਰਾਲਾ ਹੈ। ਕੇਵਲ ਵਿਸਾਖੀ ਵਾਲੇ ਦਿਨ ਹੀ ਇਹ ਚੋਜ ਰਚਿਆ ਗਿਆ ਅਤੇ ਅੰਮ੍ਰਿਤ ਦਾ ਖੁੱਲ੍ਹਾ ਬਾਟਾ ਓਸੇ ਤੰਬੂ ਅੰਦਰ ਹੀ ਤਿਆਰ ਕੀਤਾ ਗਿਆ। ਇਹ ਕੈਸੀ ਹਾਸੋ-ਹੀਣੀ ਗੱਲ ਹੈ ਕਿ ਐਡਾ ਵੱਡਾ ਤੰਬੂ ਪੰਜਾਂ ਬਕਰਿਆਂ ਦੀ ਖ਼ਾਤਰ ਹੀ ਤਿਆਰ ਕੀਤਾ ਸੀ? ਉਸੇ ਤੰਬੂ ਦੇ ਅਸਥਾਨ ਤੇ ਹੀ ਸੀਸ ਭੇਟ ਗੁਰਦਵਾਰਾ ਤਿਆਰ ਹੋਇਆ ਅਤੇ ਉਸੇ ਅਸਥਾਨ ਤੇ ਹੀ ਸ੍ਰੀ ਕੇਸਗੜ੍ਹ ਗੁਰਦਵਾਰਾ ਸੁਸ਼ੋਭਤ ਹੈ ਅਤੇ ਅੱਜ ਤਾਈਂ ਪ੍ਰਸਿਧ ਹੈ। ਖ਼ਾਲਸਾ ਜੀ ਨੂੰ ਮ੍ਰਿਤੂ ਦੇ ਘਾਟ ਤੋਂ ਪਾਰ ਉਤਾਰਨ ਵਾਲੀ ਸ੍ਰੀ ਸਾਹਿਬ (ਭਗਉਤੀ) ਹੀ ਅੰਮ੍ਰਿਤ ਸਰੂਪਾ ਜੀਅ-ਦਾਨ ਬਖ਼ਸ਼ਣ ਲਈ ਸਮਰੱਥ ਹੈ। ਹੋਰ ਕੋਈ ਦੇਵੀ ਖ਼ਾਲਸਾ ਪੰਥ ਅੰਦਰ ਗੁਰਮਤਿ ਅਨੁਸਾਰ ਪ੍ਰਮਾਣੀਕ ਹੀ ਨਹੀਂ। ਏਸੇ ਸ੍ਰੀ ਸਾਹਿਬ (ਭਗਉਤੀ) ਨੂੰ ਲੈ ਕੇ ਹੀ ਸ੍ਰੀ ਦਸਮੇਸ਼ ਜੀ ਨੇ ਇਉਂ ਵੰਗਾਰਿਆ :— ਦੁਹੂੰ ਪੰਥ ਮੈ ਕਪਟ ਵਿਦਯਾ ਚਲਾਨੀ॥

ਬਹੁਰ ਤੀਸਰੋ ਪੰਥ ਕੀਨੋ ਪ੍ਰਧਾਨੀ॥ ਦਸਮ ਗ੍ਰੰਥ, ਉਗ੍ਰਦੰਤੀ ਛੱਕਾ ੫

'ਦੁਹੂੰ ਪੰਥ' ਦਾ ਭਾਵ ਇਥੇ ਹਿੰਦੂ ਮਤ ਅਤੇ ਤੁਰਕ ਮਤ (ਬੇਦ ਕਤੇਬੀ ਮਤ) ਦਾ ਹੈ, 'ਤੀਸਰੋ ਪੰਥ' ਖਾਲਸੇ ਦਾ ਮਤਲਬ ਹੈ। ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :—

ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥...੪॥੩॥੭॥ ਪੰਨਾ ੮੭੫

ਇਥੇ ਗਿਆਨੀ ਦਾ ਭਾਵ ਖਾਲਸਾ ਹੈ। ਸ੍ਰੀ ਦਸਮੇਸ਼ ਜੀ ਨੇ ਇਹ ਖਾਲਸਾ ਪੰਥ ਕੇਵਲ ਹਿੰਦੂਆਂ ਨੂੰ ਹੀ ਤਾਰਨ ਲਈ ਨਹੀਂ ਰਚਿਆ, ਬਲਕਿ ਤੁਰਕਾਂ ਮੁਹੰਮਦੀਆਂ ਦਾ ਇੱਕ-ਸਾਰ ਹੀ ਹੱਕ ਰਖਿਆ ਗਿਆ ਹੈ। ਤਾਂਤੇ ਇਹ ਗੱਲ ਕਹਿਣੀ ਸ੍ਰੀ ਦਸਮੇਸ਼ ਜੀ ਦੇ ਪੰਥ ਨੂੰ ਛੁਟਿਆਉਣ ਵਾਲੀ ਗੱਲ ਹੈ ਕਿ ਖਾਲਸਾ ਪੰਥ ਕੇਵਲ ਹਿੰਦੂਆਂ ਨੂੰ ਤਾਰਨ ਖ਼ਾਤਰ ਹੀ ਰਚਿਆ ਗਿਆ ਹੈ। ਹਿੰਦੂਆਂ ਤੁਰਕਾਂ ਅਤੇ ਮਲੇਛਾਂ ਲਈ ਇਹ ਸਾਂਝਾ ਉਪਦੇਸ਼ ਹੀ ਗੁਰੂ ਦਸਮੇਸ਼ ਜੀ ਨੇ ਪਹਿਲੇ ਸਮੱਗਰ ਗੁਰੂ ਸਾਹਿਬਾਨ ਦੀ ਤਾਈਦੀ ਪੇਸ਼ਕਸ਼ ਅਨੁਸਾਰ ਹੀ ਰਚਿਆ ਅਤੇ ਖੂਬ ਨਿਆਰਾ ਰਖਣ ਦੀ ਸਾਜਨਾ ਵਿਚ ਸਾਜਿਆ। ਪਹਿਲੀਆਂ ਸਮੱਗਰ ਗੁਰੂ ਪਾਤਸ਼ਾਹੀਆਂ ਨੂੰ ਵੀ ਇਹੋ ਹੀ ਮਨਜ਼ੂਰ ਸੀ। ਸ੍ਰੀ ਦਸਮੇਸ਼ ਜੀ ਨੇ ਕੋਈ ਨਵੀਨ ਘਾੜਤ ਨਹੀਂ ਘੜੀ। ਹਾਂ, ਇਸ ਵਿਸਾਖੇ ਦਾ ਪਵਿਤਰ ਦਿਹਾੜਾ, ਸਰਬੱਤ੍ਰ ਮੱਤ-ਮਤਾਂਤਰੀ ਭੇਖਾਂ ਅੰਦਰ ਅੰਮ੍ਰਿਤ ਦਾ ਸਾਂਝਾ ਖੰਡਾ ਖੜਕਾਉਣ ਵਾਸਤੇ ਖ਼ਾਸ ਮਖ਼ਸੂਸ ਤੌਰ ਤੇ ਇਸ ਵਿਸਾਖੇ ਦੇ ਗੁਰਪੁਰਬ ਨੂੰ ਹੀ ਨਿਆਰਾ ਕਰਕੇ ਪ੍ਰਗਟ-ਪਹਾਰਾ ਦਿਤਾ ਤਾਂ ਸ੍ਰੀ ਦਸਮੇਸ਼ ਜੀ ਨੇ ਹੀ ਦਿਤਾ।

ਤਾਂਤੇ ਇਸ ਵਿਸਾਖੇ ਦੇ ਦਿਹਾੜੇ ਦੀ ਬਜ਼ੁਰਗੀ ਅਤੇ ਮਹੱਤਤਾ ਇਸੇ ਗੱਲ ਕਰਕੇ ਹੈ ਕਿ ਇਸ ਦਿਨ ਖੰਡੇ ਦੇ ਅੰਮ੍ਰਿਤ ਦਾ ਖੁੱਲ੍ਹਾ ਇਹ ਬਾਟਾ ਤਿਆਰ ਕੀਤਾ ਜਾਵੇ। ਪਰ ਇਹ ਗੱਲ ਬਿਲਕੁਲ ਗੁਰਮਤਿ ਤੋਂ ਹੀਣੀ ਹੈ ਕਿ ਆਮ ਅਨਮਤਿ ਸ਼ਰੇਣੀ ਦੀ ਮਜਲਸ ਵਿਖੇ ਹੀ ਬਾਟਾ ਤਿਆਰ ਕੀਤਾ ਜਾਵੇ। ਤਾਂਤੇ ਇਹ ਅੰਮ੍ਰਿਤ ਦਾ ਬਾਟਾ ਪਰੰਪਰਾ ਤੋਂ ਹੀ, ਅਰਥਾਤ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਹੀ ਗੁਰਮਤਿ ਲੁਪਤ ਮੰਡਲਾਂ ਵਿਚ ਹੀ ਤਿਆਰ ਕੀਤਾ ਜਾਂਦਾ ਹੈ। ਅਨਮਤਿ ਦ੍ਰਿਸ਼ਟੀ ਦੀ ਲੇਪ ਛੇਪ ਤੋਂ ਨਿਆਰਾ ਅਤੇ ਅਛੋਪ ਰਖਣ ਲਈ ਹੀ ਅੰਮ੍ਰਿਤ ਮਰਯਾਦਾ ਗੋਝ ਰਤਨਾਗਰੀ ਰੱਖੀ ਹੈ।

"ਬਧੇ ਪੰਥ ਪਰ ਧਰਮ ਨ ਹੋਇ" ਵਾਲੀ ਗੱਲ ਹੀ ਨਹੀਂ ਕੀਤੀ ਗਈ; ਨਾ ਹੀ ਇਹ ਹਰੀ ਅੰਗੂਰੀ ਕੇਵਲ ਹਿੰਦਵੈਣ ਨਮਿਤ ਹੀ ਸ੍ਰੀ ਦਸਮੇਸ਼ ਜੀ ਨੇ ਤਿਆਰ ਕੀਤੀ ਹੈ। ਇਹ ਖ਼ਿਆਲ ਕੇਵਲ ਢਿੱਲੜ ਹਿੰਦਵੈਣ ਮਤੀ ਕੁਬੁਧਿ ਮਤੀਸਰਾਂ ਦਾ ਹੀ ਹੈ। ਖਾਲਸਾ ਪੰਥ ਵਿਚ ਇੱਤਰ ਜ਼ਾਤ ਪਾਤ ਸਮੱਗਰ ਪੁਰਸ਼ ਹੀ ਸ਼ਾਮਲ ਹੋ ਸਕਦੇ ਹਨ।

ਸ੍ਰੀ ਦਸਮੇਸ਼ ਜੀ ਦੀ ਹਰ ਪ੍ਰਕਾਰ ਦੀ ਪ੍ਰਚਲਤ ਕੀਤੀ ਗੁਰਮਰਯਾਦਾ ਹੀ ਲੇਖੇ ਪੈਂਦੀ ਹੈ। ਇਹ ਗੱਲ ਬਿਲਕੁਲ ਬੇਬੁਨਿਆਦ ਹੈ ਕਿ ਸ੍ਰੀ ਦਸਮੇਸ਼ ਜੀ ਦੇ ਸਮੇਂ ਦਾ ਅੰਮ੍ਰਿਤ ਤਿਆਰ ਕਰਵਾਉਣ ਵਾਲਾ ਖੰਡਾ ਹੀ ਸਾਰੀਆਂ ਸਿੱਧਾਂ ਨੂੰ ਪੂਰਿਆਂ ਸਿੱਧ ਕਰ ਸਕਦਾ ਹੈ। ਇਹ ਸ੍ਰੀ ਦਸਮੇਸ਼ ਜੀ ਦੇ ਪਵਿਤਰ ਹੱਥਾਂ ਦਾ ਖੰਡਾ ਅਪਵਿਤਰ



www.AKJ.Org

ਹੱਥਾਂ ਵਿਚ ਆ ਕੇ ਹੋਰ ਵੀ ਹੀਣਤਾ ਵਾਲੀ ਗੱਲ ਹੋ ਜਾਂਦੀ ਹੈ, ਜੈਸਾ ਕਿ ਅਨੇਕਾਂ ਅਸਥਾਨਾਂ ਤੇ ਹੋਈ ਹੈ। ਬੇਸ਼ਕ ਭਾਵੇਂ ਲੱਖਾਂ ਨਰਾਂ ਪ੍ਰਾਣੀਆਂ ਨੂੰ ਕੇਵਲ ਇਸ ਖੰਡੇ ਦੁਆਰਾ ਅੰਮ੍ਰਿਤ ਛਕਾਇਆ ਜਾਵੇ, ਪਰੰਤੂ ਜਦ ਤਕ ਸ੍ਰੀ ਦਸਮੇਸ਼ ਜੀ ਦੀ ਦਰਸਾਈ ਅਤੇ ਦ੍ਰਿੜ੍ਹਾਈ ਰਹਿਤ ਬਹਿਤ ਧਾਰਨ ਨਾ ਕਰਵਾਈ ਜਾਵੇ, ਉਸ ਵੱਕਤ ਤਕ ਲੱਖਾਂ ਦੀਆ ਲੱਖਾਂ ਭੇਡਾਂ ਹੀ ਰਹਿ ਜਾਂਦੀਆਂ ਹਨ, ਜੈਸੇ ਕਿ ਲੰਗੋਟੀਆਂ ਵਾਲੇ ਮਾਹਣੂੰ ਹੀ ਰਹਿ ਗਏ ਹੋਏ ਹਨ।

ਤਾਂਤੇ ਸ੍ਰੀ ਦਸਮੇਸ਼ ਜੀ ਦਾ ਕੇਵਲ ਵਿਸਾਖੇ ਦੇ ਸਮਾਗਮ ਸਮੇਂ ਖੰਡੇ-ਧਾਰ ਅੰਮ੍ਰਿਤ ਦਾ ਬਾਟਾ ਤਿਆਰ ਕਰਨਾ ਇਸ ਗੱਲ ਦੀ ਪ੍ਰਸਿਧ ਦਲੀਲ ਸਬਤ ਹੋ ਗਈ ਕਿ ਖ਼ਾਲਸਾ ਸੋ ਹੈ ਜੋ ਸਰਬੱਤ੍ਰ ਗੁਰਮਤਿ ਗੁਣਾਂ ਸਹਿਤ ਪ੍ਰਬੀਨ ਹੋਵੇ। ['ਗੁਰਮਤਿ ਵਿਚਾਰ' ਪੁਸਤਕ ਵਿਚੋਂ]

---

# ਆਤਮ-ਬਲ ਦਾ ਸੋਮਾ ਹਨ ਕੇਸ ਸੋਹਣੇ

[ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਬ, ਜ਼ਿਲਾ ਗੁੜਗਾਉਂ]

ਕੇਸ ਦਾਤਿ ਅਮੋਲਕ ਹਨ ਰੱਬ ਜੀ ਦੀ ਪੈਦਾ ਆਪ ਹੀ ਉਹ ਸਿਰਜਨਹਾਰ ਕਰਦੈ।
ਆਤਮ-ਬਲ ਦਾ ਸੋਮਾ ਹਨ ਕੇਸ ਸੋਹਣੇ, ਸੁੰਦਰ ਰਚਨਾ ਇਹ ਆਪ ਕਰਤਾਰ ਕਰਦੈ।
ਭਰੀ ਰੋਮਾਂ ਦੇ ਵਿਚ ਉਦਕਰਖ ਸ਼ਕਤੀ, ਉਚ ਵਿਚਾਰ ਦਿਮਾਗ ਤਿਆਰ ਕਰਦੈ।
ਪਾਵਰ-ਹਾਊਸ ਮਨ ਦਾ ਲੰਬੇ ਕੇਸ ਸੋਹਣੇ, ਸਾਇੰਸ-ਫਲਸਫ਼ਾ ਇਹੀ ਇਜ਼ਹਾਰ ਕਰਦੈ।੧।

ਭੂਤਕਾਲ ਦੀ ਜਦੋਂ ਪੜਚੋਲ ਕਰੀਏ, ਰਿਸ਼ੀ ਮੁਨੀ ਅਵਤਾਰਾਂ ਦੇ ਕੇਸ ਦਿਸਦੇ।
ਸਾਬਤ ਸੂਰਤ ਪਰਮਾਤਮਾ ਆਪ ਕੇਸਵ, ਕੇਸਧਾਰੀ ਬ੍ਰਹਮਾ, ਸ਼ਿਵ, ਮਹੇਸ਼ ਦਿਸਦੇ।
ਵਿਸ਼ਵਾ ਮਿਤ੍ਰ, ਵਸ਼ਿਸ਼ਟ ਤੇ ਰਾਮ ਲਛਮਨ, ਕੇਸਾਂ ਵਾਲਿਆਂ ਦੇ ਸੋਹਣੇ ਵੇਸ ਦਿਸਦੇ।
ਹੋਇਆ ਕ੍ਰਿਸ਼ਨ ਕਨੱਈਆ ਵੀ ਕੇਸਧਾਰੀ, ਕੇਸਾਂ ਵਾਲੇ ਹੀ ਸਾਰੇ ਨਰੇਸ਼ ਦਿਸਦੇ।੨।

ਜੀਵਨ 'ਕ੍ਰਿਸ਼ਨ' ਦਾ ਵਾਚ ਕੇ ਵੇਖੀਏ ਜੇ, 'ਕੰਸ' ਕੇਸਾਂ ਤੋਂ ਪਕੜ ਪਟਕਾਰਿਆ ਸੀ।
ਵੀਰ ਰੁਕਮਣੀ ਦਾ 'ਰੁਕਮਣ' ਪਕੜ ਕੇ ਤੇ, ਜੂੜਾ ਕੱਟ ਕੇ ਉਹਨੂੰ ਫਿਟਕਾਰਿਆ ਸੀ।
ਉਗ੍ਰਸੈਨ ਬਲਭਦ੍ਰ ਸਭ ਕੇਸਧਾਰੀ, ਰੱਬੀ ਰੂਪ ਸੁੰਦਰ ਜਿਨ੍ਹਾਂ ਧਾਰਿਆ ਸੀ।
ਦ੍ਰੋਣਾਚਾਰੀਆ' ਜਿਹਾ ਜਟਾ ਜੂਟ ਹੋ ਕੇ, ਕੇਸਾਂ ਨਾਲ ਸਰੂਪ ਸੰਵਾਰਿਆ ਸੀ।੩।

ਦਸਰਥ, ਜਨਕ, ਰਾਜੇ ਬੁੱਧ ਵਰਗਿਆਂ ਨੇ, ਪੂਰਾ ਕੇਸਾਂ ਦੇ ਤਾਈਂ ਸਤਕਾਰਿਆ ਏ।
ਈਸਾ, ਹਜ਼ਰਤ ਮੁਹੰਮਦ ਦੇ ਕੇਸ ਹੈ ਸਨ, ਜਿਨ੍ਹਾਂ ਆਪਣਾ ਮੱਤ ਪਰਚਾਰਿਆ ਏ।
ਕੇਸਾਧਾਰੀ 'ਲੁਕਮਾਨ', ਸੁਕਰਾਤ ਹੋਏ, ਔਸ਼ਧਿ ਫ਼ਲਸਫ਼ਾ ਜਿਨ੍ਹਾਂ ਵਿਚਾਰਿਆ ਏ।
ਕੇਸਾਂ ਨਾਲ ਰਾਬਿੰਦਰ ਟੈਗੋਰ ਦੇਖੋ, ਸਾਬਤ ਸੋਹਣਾ ਸਰੀਰ ਸ਼ਿੰਗਾਰਿਆ ਏ।੪।

ਗੁਰੂ ਨਾਨਕ ਤੋਂ ਲੈ ਕੇ ਦਸਮ ਜਾਮੇ ਤੀਕ, ਕੇਸਧਾਰੀ ਗੁਰ ਅਵਤਾਰ ਹੋਏ।
ਬਾਬਾ 'ਬੁੱਢਾ' 'ਗੁਰਦਾਸ' ਜੀ ਕੇਸਧਾਰੀ, ਵੀ ਪਰਵਾਨ ਸਤਿਗੁਰੂ ਦਰਬਾਰ ਹੋਏ।
ਕੇਸਧਾਰੀ 'ਨੰਦ ਲਾਲ ਸਿੰਘ' ਕਵੀ ਸੋਹਣੇ, ਗੁਰੂ ਪਿਆਰਿਆਂ ਵਿਚ ਸ਼ੁਮਾਰ ਹੋਏ।
ਕੇਸਧਾਰੀ ਸਿੰਘ ਹੀ ਪੰਜ ਕਕਾਰ ਧਾਰ ਕੇ ਪੰਜ ਪਿਆਰਿਆਂ ਦੇ ਰੂਪ ਤਿਆਰ ਹੋਏ।੫।

ਕੇਸ ਦਾੜ੍ਹੇ ਦੇ ਨਾਲ ਮਨੁੱਖ 'ਮਿੱਤਰ', ਰੂਪ ਕੁਦਰਤੀ ਬਾਂਕਾ ਸਰਦਾਰ ਦਿਸਦੈ।
ਸੁੰਦਰ ਸੀਸ ਤੇ ਸੋਹਣੀ ਦਸਤਾਰ ਸੋਹੇ, ਪੂਰਨ ਪੁਰਖ ਪਰਤਾਪੀ ਸਾਕਾਰ ਦਿਸਦੈ।
ਕਲਗੀ ਵਾਲੇ ਬਖਸ਼ਿੰਦ ਦੀ ਮਿਹਰ ਦੁਆਰਾ ਹਰ ਪਾਸਿਓਂ ਹੁੰਦਾ ਸਤਿਕਾਰ ਦਿਸਦੈ।
ਮਾਨਵ ਪਿਆਰ ਦੀ ਮੂਰਤ ਹੈ ਕੇਸਧਾਰੀ, ਹਰ ਇਕ ਹਿਰਦੇ 'ਚ ਉਹਨੂੰ ਨਿਰੰਕਾਰ ਦਿਸਦੈ।੬।


www.AKJ.Org

# ਗੁਰਸਿਖੀ ਕਿਵੇਂ ਪ੍ਰਫੁਲਤ ਹੋਵੇ ?

ਸਤਿਗੁਰੂ ਸੱਚੇ ਪਾਤਸ਼ਾਹ ਸਿਖ-ਸੰਗਤਾਂ ਨੂੰ ਗੁਰਸਿਖੀ ਮਾਰਗ ਤੇ ਤੋਰਨ ਲਗਿਆਂ ਲੰਮੇ-ਚੌੜੇ ਲੈਕਚਰ ਜਾਂ ਵਿਆਖਿਆਨ ਨਹੀਂ ਸੀ ਦਿੰਦੇ ਹੁੰਦੇ, ਸਗੋਂ ਸਹਿਜ ਸੁਭਾਏ ਹੀ ਕੋਈ ਇਕ-ਅੱਧ ਬਚਨ ਹੀ ਉਚਾਰਦੇ। ਜਗਿਆਸੂ ਦਾ ਹਿਰਦਾ ਵਿੰਨ੍ਹਿਆ ਜਾਂਦਾ ਅਤੇ ਉਸ ਦਾ ਜੀਵਨ ਹੀ ਪਲਟ ਜਾਂਦਾ, ਉਹ ਬੁਰੇ ਪਾਸੇ ਨੂੰ ਛਡ ਕੇ ਚੰਗੇ ਪਾਸੇ ਲਗ ਜਾਂਦਾ। ਕਾਰਨ ਇਹ ਸੀ ਕਿ ਪ੍ਰਭੂ-ਚਰਨਾਂ ਵਿਚ ਜੁੜੇ ਹੋਏ, ਪ੍ਰਭੂ-ਚਰਨਾਂ ਨਾਲ ਸੂਰ ਹੋ ਕੇ ਇਕ-ਰੂਪ ਹੋਏ ਹਿਰਦੇ ਵਿਚੋਂ ਜੋ ਅੰਮ੍ਰਿਤ-ਬਚਨ ਨਿਕਲਦਾ, ਉਹ ਬਾਣ ਵਾਂਗ ਭੁਲੇ-ਭਟਕੇ ਪ੍ਰਾਣੀਆਂ ਦੇ ਹਿਰਦਿਆਂ ਨੂੰ ਵਿੰਨ੍ਹ ਜਾਂਦਾ।

ਪਰ ਅਜ ਸਾਡੇ ਧਰਮ ਅਸਥਾਨਾਂ ਦੇ ਆਗੂਆਂ, ਪਰਚਾਰਕਾਂ, ਗ੍ਰੰਥੀਆਂ, ਰਾਗੀਆਂ ਅਤੇ ਸਕੂਲਾਂ ਕਾਲਜਾਂ ਦੇ ਪ੍ਰੋਫੈਸਰਾਂ ਤੇ ਮਾਸਟਰਾਂ ਦੇ ਜੀਵਨਾਂ ਵਲ ਝਾਤੀ ਮਾਰ ਕੇ ਵੇਖੀਏ ਤਾਂ ਬਹੁਤ ਕਰਕੇ ਕਹਿਣੀ, ਕਥਨੀ ਅਤੇ ਕਰਨੀ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ। ਜਦੋਂ ਉਨ੍ਹਾਂ ਦੇ ਧੂੰਆ-ਧਾਰ ਲੈਕਚਰਾਂ ਨੂੰ ਸੁਣੀਏ ਤਾਂ ਮੁਗਧ ਹੋ ਜਾਈਦਾ ਹੈ, ਪਰ ਜਦ ਉਨ੍ਹਾਂ ਦੀਆਂ ਕਰਨੀਆਂ-ਕਰਤੂਤਾਂ ਨੌਜੁਆਨਾਂ ਦੇ ਸਾਹਮਣੇ ਆਉਂਦੀਆਂ ਹਨ ਤਾਂ ਉਹ ਗੁਰਸਿਖੀ ਤੋਂ ਹੀ ਮੂੰਹ ਫੇਰ ਲੈਂਦੇ ਹਨ। ਚੰਗੇ ਜੀਵਨ ਦਾ ਅਸਰ ਹੀ ਦੂਜਿਆਂ ਨੂੰ ਪ੍ਰਭਾਵਤ ਕਰ ਸਕਦਾ ਹੈ। ਪਰ ਜੇ ਅਸੀਂ ਆਪ ਹੀ ਲੋਭ-ਲਾਲਚ ਵਸ ਹੋ ਕੇ ਗੁਰਮਤਿ ਤੇ ਮਨਮਤਿ ਨੂੰ ਰਲ-ਗਡ ਕਰੀ ਜਾਈਏ ਅਤੇ ਧਰਮ-ਈਮਾਨ ਨੂੰ ਵੇਚੀ ਜਾਈਏ ਤਾਂ ਗੁਰਸਿਖੀ ਜੀਵਨ ਕਿਵੇਂ ਪ੍ਰਫੁਲਤ ਹੋ ਸਕਦਾ ਹੈ ?

ਜਿਵੇਂ ਕਹਾਣੀ ਸੁਣਾਂਦੇ ਹਨ, ਕਿ ਇਕ ਮਾਂ ਮਾਸਟਰ ਪਾਸ ਸ਼ਿਕਾਇਤ ਕਰਦੀ ਹੈ ਕਿ ਮੇਰਾ ਬੱਚਾ ਬਹੁਤਾ ਗੁੜ ਖਾਣਾ ਨਹੀਂ ਛਡਦਾ, ਉਸ ਨੂੰ ਸਮਝਾਓ। ਮਾਸਟਰ ਕਹਿੰਦਾ ਹੈ, "ਮਾਂ, ਹਫਤੇ ਬਾਅਦ ਆਈਂ"। ਉਹ ਮਾਸਟਰ ਆਪ ਗੁੜ ਖਾਣ ਦਾ ਆਦੀ ਸੀ। ਉਸ ਨੇ ਪਹਿਲਾਂ ਆਪ ਉਹ ਆਦਤ ਛਡੀ ਤੇ ਫਿਰ ਬੱਚੇ ਨੂੰ ਉਪਦੇਸ਼ ਦੇ ਕੇ ਛਡਵਾਇਆ।

ਸੋ ਲੋੜ ਹੈ ਕਿ ਪਰਚਾਰ ਕਰਨ ਵਾਲੇ ਪਹਿਲਾਂ ਆਪਣੇ ਜੀਵਨ ਐਸੇ ਬਣਾਉਣ, ਜੋ ਗੁਰਸਿਖੀ ਦੇ ਉਚੇ ਸੁਚੇ ਨਮੂਨੇ ਹੋਣ। ਉਨ੍ਹਾਂ ਦੇ ਜੀਵਨਾਂ ਨੂੰ ਦੇਖ ਦੇਖ ਕੇ ਗੁਰਸਿਖੀ ਦੀ ਸੁਗੰਧੀ ਚਾਰ-ਚੁਫੇਰੇ ਫੈਲੇਗੀ ਅਤੇ ਮਹਿਕਾਂ ਦੇਵੇਗੀ। ਉਨ੍ਹਾਂ ਦੇ ਬਚਨਾਂ ਵਿਚ ਸਤਿਆ ਹੋਵੇਗੀ ਅਤੇ ਉਨ੍ਹਾਂ ਦੇ ਰਾਹੀਂ ਸਹਿਜ ਸੁਭਾਏ ਹੀ ਗੁਰਸਿਖੀ ਵਧੇ ਫੁਲੇਗੀ। ਫਿਰ ਕਿਸੇ ਪ੍ਰੇਰਨਾ ਦੀ ਲੋੜ ਨਹੀਂ ਰਹੇਗੀ ਅਤੇ ਸਿਖ-ਸੰਗਤਾਂ ਆਪਣੇ ਆਪ ਹੀ ਗੁਰਸਿਖੀ ਜੀਵਨ ਵਿਚ ਢਲ ਕੇ ਅੰਮ੍ਰਿਤ ਬਾਟੇ ਦੀਆਂ ਸਾਂਝੀਵਾਲ ਬਣਦੀਆਂ ਜਾਣਗੀਆਂ। ਪਿਆਰ ਤੇ ਸਿਦਕ ਵਿਚ ਪ੍ਰਾਪਤ ਕੀਤਾ ਹੋਇਆ 'ਅੰਮ੍ਰਿਤ' ਪ੍ਰਫੁਲਤ ਹੋਵੇਗਾ ਅਤੇ ਗੁਰਸਿਖੀ ਤੋਂ ਕੁਰਬਾਨ ਹੋਣ ਵਾਲੇ ਪੁਰਾਤਨ ਗੁਰਸਿਖਾਂ ਵਾਲੇ ਸੱਚੇ ਸੁਚੇ ਗੁਰੂ ਕੇ ਲਾਲ ਥਾਂ-ਪਰ-ਥਾਂ ਸਸ਼ੋਭਤ ਦਿਸਣਗੇ।

---

# ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਿਛੋੜਾ ਦੇ ਗਏ

ਸਿੰਘ ਸਾਹਿਬ ਸ: ਗੁਰਦਿਆਲ ਸਿੰਘ ਜੀ ਅਜਨੋਹਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ੧੮ ਮਾਰਚ ੧੯੮੨ ਵੀਰਵਾਰ ਸਵੇਰੇ, ਆਪਣੇ ਪਿੰਡ ਅਜਨੋਹਾ ਵਿਖੇ ਅਚਣਚੇਤ ਦਿਲ ਦੀ ਹਰਕਤ ਬੰਦ ਹੋ ਜਾਣ ਨਾਲ ਇਸ ਅਸਾਰ ਸੰਸਾਰ ਦਾ ਸਾਥ ਛਡ ਗਏ ਹਨ। ੧੯ ਮਾਰਚ ਨੂੰ ਦਿਨੇ ਅਜਨੋਹਾ ਵਿਖੇ, ਸੰਗਤਾਂ ਦੀ ਭਾਰੀ ਹਾਜ਼ਰੀ ਵਿਚ ਆਪ ਜੀ ਦੀ ਦੇਹ ਦਾ ਅੰਤਮ ਸੰਸਕਾਰ ਕੀਤਾ ਗਿਆ। ਇਸ ਸਮੇਂ ਪੰਥ ਦੀਆਂ ਲਗ ਪਗ ਸਾਰੀਆਂ ਉਘੀਆਂ ਜਥੇਬੰਦੀਆਂ ਦੇ ਨੁਮਾਇੰਦੇ ਪੁਜੇ ਹੋਏ ਸਨ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਕੌਮ ਨੂੰ ਵਡਾ ਘਾਟਾ ਪਿਆ ਹੈ।

ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਵਾਰ ਤੇ ਸਿਖ ਸੰਗਤਾਂ ਨੂੰ ਭਾਣੇ ਵਿਚ ਰਖ ਕੇ ਚੜ੍ਹਦੀਆਂ ਕਲਾਂ ਪ੍ਰਦਾਨ ਕਰਨ।

www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ

[ਆਖਰੀ 37ਵੀਂ ਕਿਸ਼ਤ ਦੀ ਬਾਕੀ]

ਵਲੋਂ:—ਕੈਪਟਿਨ ਸਵਰਨ ਸਿੰਘ ਜੀ, ਘੜਿਆਲਾ

**ਅਹਿਮਦਸ਼ਾਹ ਦੇ ਹੋਰ ਹਮਲੇ–**

**ਨੌਵਾਂ ਹਮਲਾ ਦਸੰਬਰ-ਜਨਵਰੀ** 1768–69

ਦਸੰਬਰ 1768 ਵਿਚ ਅਹਿਮਦਸ਼ਾਹ ਇਕ ਵਾਰ ਫਿਰ ਹਿੰਦੁਸਤਾਨ ਉਤੇ ਚੜ੍ਹ ਕੇ ਆਇਆ ਤੇ ਜਿਹਲਮ ਤਕ ਆਣ ਅੱਪੜਿਆ। ਸਿਖਾਂ ਨੇ ਚਾਰ ਚੁਰੇਰਿਓਂ ਐਸੇ ਸਖ਼ਤ ਤੇ ਲਗਾਤਾਰ ਹਮਲੇ ਕੀਤੇ ਕਿ ਉਸਦੇ ਲਸ਼ਕਰ ਵਿਚ ਬੇਦਿਲੀ ਤੇ ਸਹਿਮ ਫੈਲ ਗਿਆ। ਮਜਬੂਰ ਹੋ ਕੇ ਵਾਪਸ ਮੁੜਿਆ। ਪਿਸ਼ਾਵਰ ਤੇ ਕਾਬਲ ਦੇ ਵਿਚਕਾਰ ਕਬਾਇਲੀ ਪਠਾਣਾਂ ਨੇ ਉਸ ਉਤੇ ਹੱਲੇ ਕਰਨੇ ਸ਼ੁਰੂ ਕਰ ਦਿਤੇ। ਉਸ ਦੇ ਕੰਪੂ ਦਾ ਸਾਰਾ ਮਾਲ-ਅਸਬਾਬ ਲੁੱਟ-ਪੁੱਟ ਲਿਆ। ਉਸ ਦੇ ਬਹੁਤ ਸਾਰੇ ਅਫ਼ਸਰ ਤੇ ਸਿਪਾਹੀ ਮਾਰੇ ਗਏ ਤੇ ਬਾਕੀ ਸਾਥ ਛੱਡ ਕੇ ਨੱਸ ਗਏ। ਅਹਿਮਦ ਸ਼ਾਹ ਤੇ ਉਸਦਾ ਵਜ਼ੀਰ ਸ਼ਾਹ ਵਲੀ ਖ਼ਾਨ ਬੜੀ ਮੰਦੀ ਹਾਲਤ ਵਿੱਚ ਡਿਗਦੇ ਢਹਿੰਦੇ ਕੰਧਾਰ ਅਪੜੇ।[]

**ਦਸਵਾਂ ਹਮਲਾ ਦਸੰਬਰ–ਜਨਵਰੀ** 1769–70

ਮਾਲੀ ਔਕੜਾਂ ਨੇ ਅਹਿਮਦ ਸ਼ਾਹ ਦਾ ਬੜਾ ਮੰਦਾ ਹਾਲ ਕੀਤਾ ਹੋਇਆ ਸੀ। ਉਸਨੂੰ ਹਿੰਦੁਸਤਾਨ ਹੀ ਨਜ਼ਰ ਆਉਂਦਾ ਸੀ, ਜਿਥੋਂ ਇਹ ਲੋੜ ਪੂਰੀ ਹੋ ਸਕਦੀ ਸੀ। ਸ਼ੁਰੂ ਦਸੰਬਰ 1769 ਵਿਚ ਇਕ ਤਕੜਾ ਲਸ਼ਕਰ ਲੈ ਕੇ ਚੜ੍ਹ ਪਿਆ ਤੇ ਪਿਸ਼ਾਵਰ ਆਣ ਡੇਰਾ ਕੀਤਾ। ਸਿਖਾਂ ਦੀ ਦਿਨ-ਬਦਿਨ ਵਧ ਰਹੀ ਤੇ ਹੁਣ ਤਕ ਵਧ ਚੁਕੀ ਤਾਕਤ ਵੇਖ ਕੇ ਅਗੇ ਵਧਣ ਦਾ ਹੌਸਲਾ ਨਾ ਪਿਆ। ਸਿਖਾਂ ਵਿਚ ਦੀ ਲੰਘ ਕੇ ਦਿਲੀ ਤਕ ਅਪੜ ਜਾਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਬੜੀ ਮਾਯੂਸੀ ਦੀ ਹਾਲਤ ਵਿਚ ਜਨਵਰੀ 1770 ਦੇ ਪਿਛਲੇ ਹਫਤੇ ਪਿਸ਼ਾਵਰੋਂ ਕਾਬਲ ਵਲ ਨੂੰ ਮੁੜ ਗਿਆ।()

**ਗਿਆਰ੍ਹਵਾਂ ਹਮਲਾ ਜੂਨ** 1770 **ਵਿਚ :–**

ਜੂਨ ਦੇ ਮਹੀਨੇ ਵਿਚ, ਜਦ ਕਿ ਪੰਜਾਬ ਭੱਠ ਵਾਂਗ ਤਪ ਰਿਹਾ ਹੁੰਦਾ ਹੈ, ਅਬਦਾਲੀ ਦਾ ਹਿੰਦੁਸਤਾਨ ਉਤੇ ਚੜ੍ਹ ਕੇ ਆਉਣਾ ਸਾਬਤ ਕਰਦਾ ਹੈ ਕਿ ਉਹ ਬੜੀਆਂ ਵਡੀਆਂ ਮਾਇਕ ਔਕੜਾਂ ਵਿਚ ਫਸਿਆ ਹੋਵੇਗਾ। ਉਹ ਜੂਨ ਵਿਚ ਤਪਦੇ ਪਿਸ਼ਾਵਰ ਵਿਚ ਆਣ ਬੈਠਾ। ਉਸ ਦਾ ਵੱਡਾ ਜਰਨੈਲ ਜਹਾਨ ਖਾਂ 14 ਮਾਰਚ 1770 ਨੂੰ ਮਰ ਗਿਆ ਸੀ। ਉਹ ਲਲਚਾਈਆਂ ਅਖਾਂ ਨਾਲ ਹਿੰਦੁਸਤਾਨ ਵਲ ਤਕਦਾ ਰਿਹਾ। ਸਿਖਾਂ ਨਾਲ ਟਕਰ ਲੈ ਸਕਣ ਦੀ ਉਸ ਵਿਚ ਸ਼ਕਤੀ ਨਹੀਂ ਸੀ। ਦਿਲ ਉਤੇ ਪੱਥਰ ਰਖ ਕੇ ਫਿਰ ਪਿਸ਼ਾਵਰ ਤੋਂ ਵਾਪਸ ਮੁੜ ਗਿਆ।*

**ਬਾਰ੍ਹਵਾਂ ਹਮਲਾ ਅਗਸਤ** 1771 :–

ਇਸ ਵਾਰ ਅਹਿਮਦ ਸ਼ਾਹ ਨੇ ਹਿੰਦੁਸਤਾਨ ਉਤੇ ਬਾਰਸ਼ਾਂ ਦੇ ਮੌਸਮ ਵਿਚ ਹਮਲਾ ਕਰਨ ਦੀ ਵਿਉਂਤ ਬਣਾਈ। ਅਗਸਤ 1771 ਵਿਚ ਸਾਰੇ ਹਿੰਦੁਸਤਾਨ ਵਿਚ ਇਸ ਅਫਵਾਹ ਦੀਆਂ ਹਵਾਈਆਂ ਉਡ ਰਹੀਆਂ ਸਨ ਕਿ ਅਹਿਮਦਸ਼ਾਹ ਇਸ ਸਿਆਲ ਵਿਚ ਜ਼ਰੂਰ ਹੱਲਾ ਕਰੇਗਾ। ਜਨਰਲ ਬਾਰਕਰ ਨੇ ਸ: ਝੰਡਾ ਸਿੰਘ ਭੰਗੀ ਨੂੰ ਲਿਖੀ ਚਿਠੀ ਵਿਚ ਇਸ ਹੋਣ ਵਾਲੇ ਹਲੇ ਬਾਰੇ ਜ਼ਿਕਰ ਕਰਦਿਆਂ ਇਸ ਗੱਲ ਉਤੇ ਆਪਣੀ ਤਸੱਲੀ ਪਰਗਟ

---

[] ਕੇਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ; ii ਸਫ਼ਾ 1499.
ਬੰਗਾਲ ਸਿਲੈਕਟ ਕਮੇਟੀ ਪ੍ਰੋਸੀਡਿੰਗਜ਼ 1769, ਸਫ਼ਾ 134, 195, 203, 238 ਮਿਤੀ 17 ਫ਼ਰਵਰੀ, 9 ਮਾਰਚ, 19 ਮਾਰਚ, 8 ਅਪ੍ਰੈਲ 1769, ਐਨ. ਏ. ਆਈ. ਨਿਊ ਦਿਹਲੀ, ਡਾ: ਹਰੀ ਰਾਮ ਦੀ ਕਿਤਾਬ 'ਹਿਸਟਰੀ ਆਫ਼ ਦੀ ਸਿਖਸ' ii ਦੇ ਸਫਾ 2·9 ਉਤੇ ਦਿਤੇ ਹਵਾਲੇ ਨਾਲ।

() ਐਨ. ਏ. ਆਈ. ਬੰਗਾਲ ਸਿਲੈਕਟ ਕਮੇਟੀ ਪ੍ਰੋਸੀਡਿੰਗਜ਼ 1770, ਸਫ਼ਾ 52, 57, ਮਿਤੀ 26 ਜਨਵਰੀ 1770, (ਡਾ: ਹਰੀ ਰਾਮ ਗੁਪਤਾ, ਹਿਸਟਰੀ ਆਫ਼ ਦੀ ਸਿਖਸ ii, ਸਫ਼ਾ 249 ਦੇ ਹਵਾਲੇ ਨਾਲ।

* ਬੰਗਾਲ ਸਿਲੈਕਟ ਕਮੇਟੀ ਪ੍ਰੋਸੀਡਿੰਗਜ਼ ਮਿਤੀ 19 ਜੁਲਾਈ 1770, ਦਿਹਲੀ ਕ੍ਰਾਨੀਕਲ ਸਫ਼ਾ 225.

www.AKJ.Org

ਕੀਤੀ ਸੀ ਕਿ ਸਿਖਾਂ ਦੇ ਡਰੋਂ ਅਹਿਮਦਸ਼ਾਹ ਨੂੰ ਸਿੰਧ ਦਰਿਆ ਵੀ ਟੱਪਣ ਦਾ ਹੌਸਲਾ ਨਹੀਂ ਪਵੇਗਾ।† ਇਸ ਵਾਰ ਅਹਿਮਦ ਸ਼ਾਹ ਸਿੰਧ ਦਰਿਆ ਤਕ ਵੀ ਨਹੀਂ ਆਇਆ।

**ਅਹਿਮਦਸ਼ਾਹ ਦੀ ਮੌਤ :–**

ਅਹਿਮਦਸ਼ਾਹ 14 ਅਪ੍ਰੈਲ 1772 ਨੂੰ ਮਰ ਗਿਆ। ਐਨ ਏਸੇ ਦਿਨ ਸਿੰਘਾਂ ਸਿੰਧ ਟੱਪ ਕੇ ਪਿਸ਼ਾਵਰ ਨੂੰ ਸਫ਼ਨ ਸਫ਼ਾ ਕਰ ਦਿਤਾ ਸੀ।‡

**ਵੱਡੇ ਘਲੂਘਾਰੇ ਦੇ ਸਿੱਟੇ–**

ਕੁਪ-ਰਹੀੜੇ ਤੇ ਕੁਤਬਾ ਬਾਹਮਣੀਆਂ ਵਿਚਕਾਰ ਮੈਦਾਨ ਵਿਚ ਵਾਪਰੇ ਘਲੂਘਾਰੇ ਵਿਚ ਸ਼ਹੀਦ ਹੋਣ ਵਾਲਿਆਂ ਸਿੰਘਾਂ ਦਾ ਖ਼ੂਨ ਅਜਾਈਂ ਨਹੀਂ ਗਿਆ। ਇਹ ਡੁਲ੍ਹਿਆ ਖ਼ੂਨ ਆਪਣਾ ਰੰਗ ਲਿਆਇਆ।

(੧) ਅਹਿਮਦਸ਼ਾਹ ਨੇ ਕੁਪ ਰਹੀੜੇ ਦੇ ਖੁਲ੍ਹੇ ਮੈਦਾਨ ਵਿਚ ਸਿਖਾਂ ਨੂੰ ਸਫ਼ਾ-ਏ-ਹਸਤੀ ਤੋਂ ਹਮੇਸ਼ਾ ਲਈ ਮਿਟਾ ਦੇਣ ਦਾ ਬੜਾ ਭਾਰਾ ਯਤਨ ਕੀਤਾ ਸੀ, ਤਾਕਿ ਸਿਖਾਂ ਦਾ ਰੋੜਾ ਉਸ ਦੇ ਰਾਹ ਵਿਚੋਂ ਹਮੇਸ਼ਾ ਲਈ ਸਾਫ਼ ਹੋ ਜਾਵੇ। ਪਰ ਜਿਸ ਨੂੰ ਰੱਬ ਰਖੇ ਉਸ ਨੂੰ ਕੌਣ ਮਾਰੇ। ਸਿਖ ਇਹ ਸੱਟ ਖਾ ਕੇ ਮਿਟੇ ਨਹੀਂ, ਸਗੋਂ ਦੂਣੇ-ਚੌਣੇ ਜੋਸ਼ ਤੇ ਰੋਹ ਨਾਲ ਉਭਰੇ ਤੇ ਸੰਗਠਤ ਹੋ ਕੇ ਇਕ ਐਸੀ ਸ਼ਕਤੀ ਬਣ ਗਏ ਕਿ ਅਹਿਮਦ ਸ਼ਾਹ ਦੇ ਸਾਰੇ ਸੁਪਨੇ ਧਰੇ ਧਰਾਏ ਹੀ ਰਹਿ ਗਏ।

(੨) ਅਹਿਮਦ ਸ਼ਾਹ ਪੰਜਾਬ ਨੂੰ ਅਫਗਾਨਿਸਤਾਨ ਦਾ ਇਕ ਸੂਬਾ ਬਣਾਉਣਾ ਚਾਹੁੰਦਾ ਸੀ। ਪਰ ਸਿੰਘਾਂ ਉਸ ਦੀ ਇਹ ਵਿਉਂਤ ਸਿਰੇ ਨਾ ਚੜ੍ਹਨ ਦਿਤੀ।

(੩) ਘਲੂਘਾਰੇ ਨੇ ਸਿਖਾਂ ਨੂੰ ਐਸਾ ਉਭਾਰਿਆ ਕਿ ਉਸੇ ਸਾਲ ਦੀ ਦੀਵਾਲੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਅਹਿਮਦ ਸ਼ਾਹ ਨੂੰ ਇਕ ਤਕੜੀ ਹਾਰ ਦਿਤੀ ਤੇ ਬਹਿ ਤੇ ਬਦਲਾ ਲੈ ਲਿਆ। ਉਸ ਦੇ ਅਨੁਸਾਰੀਆਂ ਭੀਖਣ ਖ਼ਾਂ, ਮਲੇਰਕੋਟਲੀਏ ਤੇ ਜ਼ੈਨ ਖਾਂ ਸੂਬੇਦਾਰ ਸਰਹਿੰਦ ਵਰਗਿਆਂ ਤੋਂ ਗਿਣ ਗਿਣ ਕੇ ਬਦਲੇ ਲਏ।

(੪) ਇਸ ਸਾਕੇ ਨੇ ਸਿੰਘਾਂ ਵਿਚ ਐਸੀ ਸ਼ਕਤੀ ਪੈਦਾ ਕਰ ਦਿਤੀ ਕਿ ਅਹਿਮਦ ਸ਼ਾਹ ਅਬਦਾਲੀ ਦੇ ਅਜਿਤ ਹੋਣ ਦੇ ਹਊਏ ਦਾ ਭਾਂਡਾ ਦੁਆਬਾ ਬਿਸਤ ਦੁਆਬ ਵਿਚ ਚੂਰ ਚੂਰ ਹੁੰਦਾ ਇਕ ਦੁਨੀਆ ਨੇ ਵੇਖਿਆ। ਉਸਦਾ ਡਰ ਤੇ ਰੁਅਬ ਹਿੰਦੁਸਤਾਨੀਆਂ ਦੇ ਦਿਲਾਂ ਵਿਚੋਂ ਹਮੇਸ਼ਾ ਲਈ ਕੱਢ ਦਿਤਾ।

(੫) ਮੁਗਲ ਤੇ ਦੁਰਾਨੀ ਹਕੂਮਤ ਸਦਾ ਲਈ ਖ਼ਤਮ ਹੋ ਗਈ। ਦਿਲੀ ਤੇ ਲਾਹੌਰ ਦੀਆਂ ਹਕੂਮਤਾਂ ਨੇ ਇਕ ਪੁੜ ਬਣ ਕੇ, ਦੂਜਾ ਪੁੜ ਅਹਿਮਦ ਸ਼ਾਹ ਦੀ ਤਾਕਤ ਤੇ ਹਕੂਮਤ ਦਾ ਬਣ ਕੇ, ਸਿਖਾਂ ਨੂੰ ਵਿਚਕਾਰ ਲੈ ਕੇ ਪੀਸ ਦੇਣਾ ਚਾਹਿਆ, ਪਰ ਸਿੰਘ ਅਗੋਂ ਫ਼ੌਲਾਦ ਸਾਬਤ ਹੋਏ। ਸਗੋਂ ਦੋਹਾਂ ਪੁੜਾਂ ਨੂੰ ਭੰਨ-ਤੋੜ ਕੇ, ਆਪਣੇ ਰਾਜ ਦੀ ਬੁਨਿਆਦ ਵਿਚ ਸੁਟ ਕੇ, ਉਤੇ ਆਪਣਾ ਰਾਜ ਸਥਾਪਤ ਕਰ ਲਿਆ।

(੬) ਘਲੂਘਾਰੇ ਨੇ ਸਾਰੀ ਕੌਮ ਨੂੰ ਸ਼ਸਤਰਧਾਰੀ ਬਣਾ ਦਿਤਾ, ਜਿਸ ਨੇ ਸਾਰੇ ਪੰਜਾਬ ਅਤੇ ਪੰਜਾਬੋਂ ਬਾਹਰ ਦੂਰ ਦੂਰ ਤਕ ਆਪਣਾ ਅਧਿਕਾਰ ਜਮਾ ਲਿਆ।

(੭) ਘਲੂਘਾਰੇ ਵਿਚ ਸ਼ਹੀਦਾਂ ਦੇ ਡੁਲ੍ਹੇ ਖ਼ੂਨ ਨੇ ਕੌਮ ਨੂੰ ਉਭਾਰ ਕੇ ਏਨਾ ਬਲਵਾਨ ਤੇ ਸ਼ਕਤੀ-ਸ਼ਾਲੀ ਬਣਾ ਦਿਤਾ ਕਿ ਪੱਛਮ ਵਲੋਂ ਹਮਲਿਆਂ ਦਾ ਸਦੀਆਂ ਤੋਂ ਬਝਾ ਹੋਇਆ ਤਾਂਤਾ ਏਕਾ-ਏਕ ਰੋਕ ਦਿਤਾ। ਹਰ ਸਾਲ ਸਿਆਲ ਵਿਚ ਖ਼ੈਬਰ ਵਲੋਂ ਪਠਾਣ ਉਤਰਦੇ ਤੇ ਪੰਜਾਬ ਵਿਚ ਦੂਰ ਦੂਰ ਤਕ ਲੁਟ-ਮਾਰ ਕਰਦੇ, ਡੰਗਰ-ਵਛਾ ਵਢ ਕੇ ਖਾ ਜਾਂਦੇ, ਘਰ ਤੇ ਫ਼ਸਲਾਂ ਉਜਾੜ ਜਾਂਦੇ, ਮੁੰਡੇ-ਕੁੜੀਆਂ ਬੰਦੀ ਬਣਾ ਕੇ ਲੈ ਜਾਂਦੇ। ਸਿੰਘਾਂ ਐਸਾ ਮੂੰਹ ਭੰਨ ਕੇ ਠਲ੍ਹਾ ਪਾਇਆ ਕਿ ਮੁੜ ਕੇ ਹਿੰਦੁਸਤਾਨ ਵਲ ਮੈਲੀ ਅੱਖ ਨਾਲ ਵੇਖਣੋਂ ਵੀ ਝਿਜਕਣ ਲਗੇ। 1947 ਤਕ ਫਿਰ ਕੋਈ ਮਾਈ ਦਾ ਲਾਲ ਇੰਜ ਹਿੰਦੁਸਤਾਨ ਦੀ ਬੇਪਤੀ

---

† ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ; ਜਿਲਦ iii, ਸਫ਼ਾ 868।

‡ ਦਿਹਲੀ ਕ੍ਰਾਨੀਕਲ, ਸਫ਼ਾ 250



www.AKJ.Org

ਕਰਨ ਲਈ ਖ਼ੈਬਰ ਵਿਚ ਦੀ ਥਲੇ ਨਹੀਂ ਉਤਰ ਸਕਿਆ।

(੮) ਅਹਿਮਦਸ਼ਾਹ ਦੇ ਅਨੁਸਾਰੀ ਨਜੀਬ ਦੇ ਇਲਾਕੇ ਤੇ, ਜੋ ਗੰਗ ਦਵਾਬ ਵਿਚ ਸੀ, ਸਿੰਘਾਂ ਦਿਆਂ ਹਲਿਆਂ ਨਾਲ ਕਹਿਰ ਟੁਟਦਾ ਰਿਹਾ।

(੯) ਸਰਹਿੰਦ ਸ਼ਹਿਰ, ਜੋ ਬਾਬਾ ਬੰਦਾ ਸਿੰਘ ਦੇ ਵੇਲੇ ਕਿਸੇ ਕਾਰਨ ਤਬਾਹ ਹੋਣੋਂ ਬਚ ਗਿਆ ਸੀ, ਘਲੂਘਾਰੇ ਪਿਛੋਂ ਬੁਰੀ ਤਰ੍ਹਾਂ ਮਲੀਆਮੇਟ ਕੀਤਾ ਗਿਆ। ਉਸ ਉਤੇ ਖੋਤਿਆਂ ਨਾਲ ਹਲ ਚਲਾਏ ਗਏ।

(੧੦) ਇਸ ਘਲੂਘਾਰੇ ਨੇ ਸਿਖ ਰਾਜ ਦੀ ਸਥਾਪਤੀ ਲਈ ਰਸਤਾ ਸਾਫ਼ ਕਰ ਦਿਤਾ।

[**ਨੋਟ** :–ਸੁਹਿਰਦ ਪਾਠਕਾਂ ਪਾਸੋਂ ਦਾਸ ਖਿਮਾ ਮੰਗਦਾ ਹੈ ਕਿ ਐਨੇ ਸਾਲ "ਸੂਰਾ" ਦੇ ਬਹੁਮੁਲੇ ਪੰਨਿਆਂ ਰਾਹੀਂ ਉਨ੍ਹਾਂ ਦਾ ਕੀਮਤੀ ਸਮਾਂ ਲੈਂਦਾ ਰਿਹਾ ਹਾਂ। ਤੁਸਾਂ ਬੜਾ ਜੇਰਾ ਵਿਖਾਇਆ ਹੈ, ਜੋ ਮੈਨੂੰ ਏਨੀ ਖੁਲ੍ਹ ਦੇ ਛਡੀ ਹੈ। ਮੇਰੇ ਇਕ ਦੋ ਕਰੀਬੀ ਸਜਣਾਂ ਨੇ ਪੁਛਿਆ ਸੀ ਕਿ ਇਹ ਤੂੰ ਕਦੋਂ ਕੁ ਖ਼ਤਮ ਕਰੇਂਗਾ। ਪਤਾ ਨਹੀਂ ਉਹ ਕਿੰਨੇ ਇਸ ਲੜੀ ਤੋਂ ਅੱਕੇ ਹੋਣਗੇ। ਅੱਜ ਮੁਕਾ ਦਿਤਾ ਹੈ। ਪਾਠਕਾਂ ਦੇ ਅੱਕ ਜਾਣ ਤੋਂ ਡਰਦਿਆਂ, **ਇਸ ਖ਼ੂਨੀ ਦਾਸਤਾਨ ਦਾ ਅਗਲਾ ਹਿੱਸਾ**, ਵਾਹਿਗੁਰੂ ਨੇ ਜੇ ਕਿਰਪਾ ਕੀਤੀ ਤਾਂ ਕਿਸੇ ਕਿਤਾਬ ਵਿਚ ਦੇਣ ਦਾ ਯਤਨ ਕਰਾਂਗਾ। ਜੋ ਹੁਣ ਤਕ ਮਿੱਸਾ ਲੂਣਾ ਪੇਸ਼ ਕੀਤਾ ਹੈ, ਜੇ ਕਬੂਲ ਹੋ ਜਾਵੇ ਤਾਂ ਦਾਸ ਆਪਣੇ ਚੰਗੇ ਭਾਗ ਸਮਝੇਗਾ। (ਸਮਾਪਤ) –ਸਵਰਨ ਸਿੰਘ]

# ਸਿੱਖਾਂ ਤੇ ਨਿਰੰਕਾਰੀਆਂ ਦੇ ਸਮਝੌਤੇ ਬਾਰੇ

**ਨੋਟ** :—ਅਖਬਾਰਾਂ ਵਿਚ ਹੇਠ ਲਿਖੇ ਬਿਆਨ ਦੇ ਛਪਣ ਤੋਂ ਪਹਿਲਾਂ ਜਥੇਦਾਰ ਅਖੰਡ ਕੀਰਤਨੀ ਜਥਾ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਹੇਠ ਲਿਖੇ ਭਾਵਾਂ ਦੀ ਹੀ ਪਤਰਕਾ ਲਿਖ ਕੇ ਬੇਨਤੀ ਕੀਤੀ ਗਈ ਸੀ ਕਿ ਇਨ੍ਹਾ ਭ੍ਰਿਸ਼ਟਾਚਾਰ ਫੈਲਾਉਣ ਵਾਲਿਆਂ ਨਾਲ ਸਮਝੌਤਾ ਕਰਨ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। —ਸੰਪਾਦਕ

"ਹਿੰਦੁਸਤਾਨ ਸਮਾਚਾਰ" ਏਜੰਸੀ ਦੇ ਪ੍ਰਤੀਨਿਧ ਨਾਲ ਹੋਈ ਗੱਲ-ਬਾਤ ਦੇ ਹਵਾਲੇ ਨਾਲ ੩ ਮਾਰਚ ੧੯੮੨ ਦੀਆਂ ਅਖਬਾਰਾਂ ਵਿਚ ਮੇਰੇ ਨਾਂ ਹੇਠ ਇਹ ਗ਼ਲਤ ਸੂਚਨਾ ਛਾਪੀ ਗਈ ਹੈ "ਕਿ ਜੇ ਸਿੱਖਾਂ ਅਤੇ ਨਿਰੰਕਾਰੀਆਂ ਵਿਚ ਕੋਈ ਸਮਝੌਤਾ ਹੁੰਦਾ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।" ਇਹ ਖ਼ਬਰ ਬਿਲਕੁਲ ਮਨ-ਘੜਤ ਤੇ ਨਿਰਮੂਲ ਹੈ।

ਹਿੰਦੁਸਤਾਨ ਸਮਾਚਾਰ ਦੇ ਪ੍ਰਤੀਨਿਧ ਨੂੰ ਮੈਂ ਇਹ ਗੱਲ ਆਖੀ ਸੀ ਕਿ ਇਸ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਸੁਪਰੀਮ ਹੈ ਅਤੇ ਹਰ ਸਿੱਖ ਲਈ ਉਸ ਅਗੇ ਸਿਰ ਨਿਵਾਉਣਾ ਲਾਜ਼ਮੀ ਹੈ। ਕੁਝ ਦੇਰ ਪਹਿਲਾ ਮੇਰੇ ਵਿਚਾਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਨੇ ਮੰਗੇ ਸਨ ਤਾਂ ਮੈਂ ਇਹ ਸੁਝਾਅ ਦਿੱਤਾ ਸੀ ਕਿ ਪੰਥ ਦੇ ਧਾਰਮਕ ਮੁਖੀਆਂ ਦੀ ਮੀਟਿੰਗ ਬੁਲਾ ਕੇ ਇਸ ਦਾ ਨਿਰਣਾ ਕਰ ਲਿਆ ਜਾਵੇ।

ਨਿਰੰਕਾਰੀ ਸੰਸਥਾ ਨਾਲ ਸਮਝੌਤੇ ਬਾਰੇ ਜਿਥੋਂ ਤਕ ਮੇਰਾ ਜਾਂ ਅਖੰਡ ਕੀਰਤਨੀ ਜਥੇ ਦੇ ਵਿਚਾਰਾਂ ਦਾ ਸੰਬੰਧ ਹੈ ਉਹ ਇਹ ਹਨ ਕਿ ਸੰਤ ਨਿਰੰਕਾਰੀ ਮੰਡਲ ਕੋਈ ਧਾਰਮਿਕ ਸੰਸਥਾ ਨਹੀਂ। ਇਨ੍ਹਾਂ ਦੀਆਂ ਕਿਤਾਬਾਂ ਅਤੇ ਪਿਛਲੀਆਂ ਰਵਾਇਤਾਂ ਤੋਂ ਇਸ ਮੰਡਲ ਦੀ ਜੋ ਰੂਪ-ਰੇਖਾ ਨਿਖਰ ਕੇ ਸਾਹਮਣੇ ਆਈ ਹੈ, ਉਸ ਅਨੁਸਾਰ ਇਹ ਮੰਡਲ ਮਨੁੱਖਾਂ ਨੂੰ ਆਚਰਣਿਕ ਖੁਲ੍ਹਾਂ ਅਤੇ ਛੋਟਾਂ ਦੇ ਕੇ, ਸਮਾਜ ਵਿਚ ਆਚਰਣਿਕ ਤੌਰ ਤੇ ਭ੍ਰਿਸ਼ਟਾਚਾਰ ਫੈਲਾਉਣ ਦਾ ਜ਼ਿਮੇਂਵਾਰ ਹੈ। ਸਿੱਖ ਧਰਮ ਦੇ ਸਤਿਗੁਰਾਂ ਦੀ ਅਤੇ ਸਿੱਖ ਇਤਿਹਾਸਕ ਵਿਅਕਤੀਆਂ ਦੀ ਖੁਲ੍ਹਮ ਖੁਲ੍ਹਾ ਨਿੰਦਿਆ ਕਰਕੇ ਅਤੇ ਸਿੱਖਾਂ ਨੂੰ ਮਾਰੂ ਹਥਿਆਰਾਂ ਨਾਲ ਸ਼ਹੀਦ ਕਰਕੇ, ਇਹ ਮੰਡਲ ਸਿੱਖ ਧਰਮ ਵਿਰੁਧ ਘਿਰਣਾ ਪੈਦਾ ਕਰਨ ਅਤੇ ਪੰਥ ਨਾਲ ਟਕਰਾਅ ਦਾ ਵਾਤਾਵਰਣ ਪੈਦਾ ਕਰਨ ਦਾ ਦੋਸ਼ੀ ਹੈ।

ਖਾਲਸਾ ਪੰਥ ਦਾ ਕਿਸੇ ਨਾਲ ਵੈਰ-ਵਿਰੋਧ ਨਹੀਂ, ਸਗੋਂ ਇਹ ਸਰਬੱਤ ਦੇ ਭਲੇ ਦਾ ਅਲਮਬਰਦਾਰ ਹੈ। ਖਾਲਸਾ ਪੰਥ ਮਨੁੱਖਤਾ ਨੂੰ ਆਚਰਣਕ ਤੌਰ ਤੇ ਨਿਰਮਲ ਰਹਿਣ ਦਾ ਪਰਚਾਰ ਕਰਦਾ ਹੈ ਅਤੇ ਸਦਾਚਾਰਕ ਕਦਰਾਂ ਕੀਮਤਾਂ ਨੂੰ ਸਤਿਕਾਰਨ ਦੀ ਪ੍ਰੇਰਨਾ ਦੇਂਦਾ ਹੈ। ਨਿਰਵੈਰ ਅਤੇ ਨਿਰਮਲ ਖਾਲਸਾ ਪੰਥ ਦਾ ਕਿਸੇ ਭ੍ਰਿਸ਼ਟਾਚਾਰ ਫੈਲਾਉਣ ਵਾਲੇ ਫਿਰਕੂ ਅਥਵਾ ਨਿੰਦਕ ਟੋਲੇ ਨਾਲ ਕਿਸੇ ਕਿਸਮ ਦੇ ਸਮਝੌਤੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਨੇਕੀ ਦਾ ਬਦੀ ਨਾਲ ਸਮਝੌਤਾ ਨਾ ਕਦੀ ਹੋਇਆ ਹੈ ਨਾ ਹੋ ਸਕਦਾ ਹੈ।

ਮੈਂ ਅਖਬਾਰਾਂ ਦੇ ਪ੍ਰਤੀਨਿਧਾਂ ਨੂੰ ਬੇਨਤੀ ਕਰਾਂਗਾ ਕਿ ਅਖਬਾਰ ਵਿਚ ਮੇਰੇ ਨਾ ਹੇਠ ਕੇਵਲ ਓਹੋ ਬਿਆਨ ਹੀ ਛਾਪਿਆ ਜਾਵੇ ਜਿਸ ਉਤੇ ਮੇਰੇ ਦਸਖਤ ਹੋਣ।

ਸੰਗਤਾਂ ਦਾ ਦਾਸ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਸ੍ਰੀ ਅੰਮ੍ਰਿਤਸਰ



www.AKJ.Org

# ਪੂਰਬ ਜਨਮ ਕੇ ਮਿਲੇ ਸੰਜੋਗੀ (੩)

[ਵਲੋਂ—ਪ੍ਰੋਫੈਸਰ ਠਾਕਰ ਸਿੰਘ ਜੀ, ਸ੍ਰੀ ਅੰਮ੍ਰਿਤਸਰ]

**ਨੋਟ** :–ਪਿਛਲੇ ਅੰਕ ਵਿਚ ਦਸਿਆ ਗਿਆ ਹੈ ਕਿ ਅੰਬਾਲੇ ਛਾਉਣੀ ਵਿਚ ਅੰਮ੍ਰਿਤ ਸਿੰਚਾਰ ਸਮਾਗਮ ਵਿਚ ਸ੍ਰੀ ਬਾਊ ਮੱਲ ਸਿੰਘ ਜੀ ਦੇ ਪਰਵਾਰ ਦੇ ਨਾਲ ਸੂਬੇਦਾਰ ਹਰਿਬਚਨ ਸਿੰਘ ਜੀ ਨੇ ਅੰਮ੍ਰਿਤ ਦੀ ਦਾਤਿ ਪ੍ਰਾਪਤ ਕੀਤੀ। ਉਥੇ ਅਲੌਕਿਕ ਕਲਾ ਵਰਤੀ। ਹੁਣ ਅਗਲੇ ਸਮਾਚਾਰ ਵੇਖੋ।]

**ਅੰਬਾਲੇ ਛਾਉਣੀ ਵਿਖੇ ਅਲੌਕਿਕ ਰੰਗ–**

ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ ॥

[ਜੈਤਸਰੀ ਮ: ੫ ਛੰਤ,ਪੰਨਾ ੭੦੩

ਇਸ ਸਮਾਗਮ ਤੋਂ ਪਿਛੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਬਚਨ ਕੀਤਾ ਕਿ ਬਾਊ ਜੀ ਦੇ ਰਸਾਲੇ ਦੇ ਗੁਰਦੁਆਰੇ ਵਿਚ ਸ੍ਰੀ ਅਖੰਡਪਾਠ ਰਖਿਆ ਜਾਵੇ। ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਹੋਏ ਅਤੇ ਸ੍ਰੀ ਅਖੰਡਪਾਠ ਅਰੰਭ ਹੋ ਗਏ। ਦੂਜੇ ਦਿਨ ਸ਼ਾਮ ਦੇ ਵਕਤ ਸਾਰੇ ਗੁਰਮੁਖ ਪਿਆਰੇ ਪਾਠ ਸੁਣ ਰਹੇ ਸਨ ਤੇ ਸਿਮਰਨ ਕਰ ਰਹੇ ਹਨ। ਸ੍ਰੀ ਬਾਊ ਜੀ ਭਾਈ ਸਾਹਿਬ ਜੀ ਦੇ ਪਾਸ ਬੈਠੇ ਰੰਗ ਮਾਣ ਰਹੇ ਸਨ ਕਿ ਬਾਊ ਜੀ ਇਕ-ਦਮ ਖੰਡਾ ਉਚੀ ਉਚੀ ਤੇ ਫਿਰ ਬਹੁਤ ਹੀ ਉਚੀ ਖੜਕਾਉਣ ਲਗ ਪਏ ਅਤੇ ਆਪੇ ਤੋਂ ਬਾਹਰ ਹੋ ਗਏ। ਇਸ ਬੈਰਾਗ ਦਸ਼ਾ ਵਿਚ ਨਾਮ ਦੀਆਂ ਗੂੰਜਾਂ ਨੇ ਐਸਾ ਅਲੌਕਿਕ ਕ੍ਰਿਸ਼ਮਾ ਵਰਤਾਇਆ ਕਿ ਸੰਗਤ ਨੂੰ ਜਿਵੇਂ ਬਿਜਲੀ ਦਾ ਕਰੰਟ ਟੱਚ ਕਰ ਜਾਂਦਾ ਹੈ, ਅਤੇ ਸਾਰੀ ਸੰਗਤ ਹੀ ਉਚੀ ਉਚੀ ਜ਼ੋਰ ਜ਼ੋਰ ਨਾਲ ਸਿਮਰਨ ਕਰਨ ਲਗ ਪਈ। ਸ੍ਰੀ ਬਾਊ ਜੀ ਦੀ ਸੁਰਤੀ ਦਸਮ ਦੁਆਰ ਦੇ ਰੰਗ ਮਾਣ ਰਹੀ ਸੀ ਅਤੇ ਭਾਈ ਸਾਹਿਬ ਬੜੇ ਗਦ ਗਦ ਹੋ ਰਹੇ ਸਨ। ਸ੍ਰੀ ਬਾਊ ਜੀ ਨੂੰ ਆਪਣੀ ਗੋਦੀ ਵਿਚ ਲਿਟਾ ਲਿਆ ਤੇ ਮੁਖੋਂ ਇਹ ਕਹਿ ਰਹੇ ਸਨ ਕਿ ਸੁਹਾਗਣ ਸੁਹਾਗ ਮਾਣ ਰਹੀ ਹੈ। ਅਖੰਡਪਾਠੀ ਗੁਰਮੁਖ ਪਿਆਰੇ ਬੜੇ ਉਚੀ ਉਚੀ ਸੰਨ੍ਹ ਸੰਨ੍ਹ ਕੇ ਪਾਠ ਕਰ ਰਹੇ ਸਨ। ਸਾਰਾ ਮੰਡਲ ਹੀ ਐਸਾ ਬਣ ਗਿਆ ਜਿਸ ਨੂੰ ਦਸਣਾ ਅਖਰਾਂ ਵਿਚ ਮੁਸ਼ਕਲ ਹੈ। ਬਸ, ਸਚਖੰਡ ਹੀ ਬਣ ਗਿਆ। ਸਾਰੀ ਸੰਗਤ ਬਹੁਤ ਹੀ ਵੈਰਾਗ ਵਿਚ ਅਨੰਦ ਮਾਣ ਰਹੀ ਸੀ। ਦਾਸ ਉਨ੍ਹਾਂ ਦਿਨਾਂ ਵਿਚ ਸਤਵੀਂ ਜਮਾਤੇ ਪੜ੍ਹਦਾ ਸੀ ਤੇ ਛੁੱਟੀ ਲੈ ਕੇ ਉਥੇ ਗਿਆ ਹੋਇਆ ਸੀ। ਜਦੋਂ ਇਹ ਅਚਰਜ ਕੌਤਕ ਵਰਤ ਰਿਹਾ ਸੀ ਤਾਂ ਦਾਸ ਉਥੇ ਗੁਰਦੁਆਰੇ ਵਿਚ ਹਾਜ਼ਰ ਸੀ। ਮੈਂ ਛੋਟਾ ਹੋਣ ਕਰਕੇ ਕਦੇ ਇਹ ਨਜ਼ਾਰਾ ਦੇਖਿਆ ਨਹੀਂ ਸੀ। ਸ੍ਰੀ ਬਾਊ ਜੀ ਦੀ ਇਹ ਹਾਲਤ ਦੇਖ ਕੇ ਮੈਂ ਘਬਰਾ ਗਿਆ। ਦਾਸ (ਠਾਕਰ ਸਿੰਘ) ਦੇ ਸ੍ਰੀ ਬਾਊ ਜੀ ਚਾਚਾ ਜੀ ਹੋਣ ਕਰਕੇ, ਮਮਤਾ ਦਾ ਮਾਰਿਆ, ਭਜਾ ਭਜਾ ਘਰ ਪੁਜਾ ਅਤੇ ਬੀਬੀ ਜੀ ਨੂੰ ਦਸਿਆ ਕਿ ਚਾਚਾ ਜੀ ਬੇਹੋਸ਼ ਹਾਲੋਂ ਬੇਹਾਲ ਹੋਏ ਪਏ ਹਨ ਅਤੇ ਭਾਈ ਸਾਹਿਬ ਜੀ ਨੇ ਉਨ੍ਹਾਂ ਦਾ ਸਿਰ ਗੋਦੀ ਵਿਚ ਲਿਆ ਹੋਇਆ ਹੈ। ਬੀਬੀ ਜੀ ਕਹਿਣ ਲਗੇ, "ਕਾਕਾ, ਫ਼ਿਕਰ ਨਾ ਕਰ, ਇਨ੍ਹਾਂ ਦਾ ਇਹ ਹਾਲ ਤਾਂ ਮੈਂ ਹਰ ਰੋਜ਼ ਦੇਖਦੀ ਹਾਂ। ਪਹਿਲਾਂ ਪਹਿਲ ਮੈਂ ਵੀ ਬੜਾ ਘਬਰਾਂਦੀ ਸੀ, ਕਦੇ ਅੰਮ੍ਰਿਤ ਵੇਲੇ, ਕਦੀਂ ਸ਼ਾਮੀਂ ਇਸੇ ਤਰ੍ਹਾਂ ਬੇਸੁਧ ਪਏ ਹੁੰਦੇ ਸਨ। ਮੈਂ ਸਾਵਧਾਨਤਾ ਉਡੀਕ ਉਡੀਕ ਕੇ ਸੌਂ ਜਾਂਦੀ ਸਾਂ। ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਠੀਕ ਹੋ ਜਾਂਦੇ ਸਨ। ਸੋ ਇਹ ਕੋਈ ਨਵੀਂ ਗੱਲ ਨਹੀਂ। ਦਿਨ ਰਾਤ ਭਜਨ ਕਰਦੇ ਹਨ। ਮੇਰਾ ਵਾਸਤਾ ਤਾਂ ਸਿਰਫ਼ ਦੋ ਵਕਤ ਪਰਸ਼ਾਦ ਛਕਾਉਣ ਦਾ ਹੁੰਦਾ ਹੈ। ਕਿਸੇ ਵਕਤ ਵੀ ਕਿਸੇ ਨਾਲ ਗੱਲ ਨਹੀਂ ਕਰਦੇ। ਤੂੰ ਇਥੇ ਹੀ ਮੇਰੇ ਪਾਸ ਸੌਂ ਜਾ। ਸਵੇਰੇ ਜਾ ਕੇ ਗੁਰਦੁਆਰੇ ਮਿਲ ਲਵੀਂ।"

ਅਗਲੇ ਦਿਨ ਸਵੇਰੇ ਜਦੋਂ ਮੈਂ ਗੁਰਦੁਆਰੇ ਪੁਜਾ ਤਾਂ ਸ੍ਰੀ ਬਾਊ ਜੀ ਭਾਈ ਸਾਹਿਬ ਜੀ ਦੇ ਪਾਸ ਬੜੇ ਅਨੰਦ ਵਿਚ ਬੈਠੇ ਸਨ ਅਤੇ ਆਸਾ ਦੀ ਵਾਰ ਦੇ ਕੀਰਤਨ ਵਿਚ ਗੜੂੰਦ ਹੋਏ ਰੰਗ ਮਾਣ ਰਹੇ ਸਨ।



www.AKJ.Org

ਇਸੇ ਰੰਗ-ਰਤੀ ਅਵਸਥਾ ਵਿਚ ਉਸ ਦਿਨ ਉਨ੍ਹਾਂ ਨੂੰ ਰਸਾਲੇ ਦੀ ਪ੍ਰੇਡ ਤੇ ਜਾਣ ਦਾ ਖ਼ਿਆਲ ਹੀ ਭੁਲ ਗਿਆ। ਆਸਾ ਦੀ ਵਾਰ ਦੇ ਭੋਗ ਪੈਣ ਤੇ ਗੁਰੂ ਕਾ ਅਤੁਟ ਲੰਗਰ ਵਰਤਿਆ। ਮੈਂ ਪਹਿਲੀ ਵੇਰ ਵੇਖਿਆ ਕਿ ਦਾਲ ਬਹੁਤ ਹੀ ਸੁਆਦਲੀ ਸੀ। ਪਰ ਸਰਬਲੋਹ ਦੀ ਗਾਗਰ ਵਿਚ ਬਣੀ ਹੋਣ ਕਰਕੇ ਰੰਗ ਕਾਲਾ ਸੀ। ਇਸ ਤੋਂ ਪਿਛੋਂ ਬਾਊ ਜੀ ਨੇ ਭਾਈ ਸਾਹਿਬ ਜੀ ਨੂੰ ਸਾਰੇ ਜਥੇ ਦੇ ਨਾਲ ਬੜੇ ਆਦਰ-ਭਾਉ ਨਾਲ ਵਿਦਾ ਕੀਤਾ।

**ਅਪੁਨੇ ਸੇਵਕ ਕੀ ਆਪੇ ਰਾਖੈ–**

ਜਦੋਂ ਸ੍ਰੀ ਬਾਊ ਜੀ ਜਥੇ ਨੂੰ ਵਿਦਾ ਕਰ ਕ੍ਰੇ ਆਪਣੇ ਕੁਆਟਰ ਵਿਚ ਪੁਜੇ ਤਾਂ ਉਨ੍ਹਾਂ ਨੂੰ ਹੁਕਮ ਮਿਲ ਗਿਆ, "ਤੁਸੀਂ ਅਜ ਰਸਾਲੇ ਦੀ ਪ੍ਰੇਡ ਤੋਂ ਗ਼ੈਰਹਾਜ਼ਰ ਰਹੇ ਹੋ। ਇਸ ਕਰਕੇ ਤੁਹਾਨੂੰ Line-arrest (ਘ੍ਰੀਆ-ਲਾਈਨ-ਕੈਦ) ਕੀਤਾ ਜਾਂਦਾ ਹੈ ਅਤੇ ਕਲ੍ਹ ਨੂੰ ਸਵੇਰੇ ਦਸ ਵਜੇ ਕਰਨੈਲ ਸਾਹਿਬ ਦੇ ਪੇਸ਼ੀ ਹੋਵੇਗੀ।" ਰਸਾਲੇ ਵਿਚ ਹਰੇਕ ਦਾ ਖ਼ਿਆਲ ਸੀ ਕਿ ਪ੍ਰੇਡ ਤੋਂ ਗ਼ੈਰਹਾਜ਼ਰ ਹੋਣਾ ਇਕ ਬੜਾ ਸਖ਼ਤ ਕਸੂਰ ਹੈ ਤੇ ਇਸ ਦੀ ਸਜ਼ਾ ਵੀ ਬੜੀ ਸਖ਼ਤ ਹੋਵੇਗੀ। ਘਟ ਤੋਂ ਘਟ ਵੀ ਅਹੁਦੇਦਾਰੀ (ਲੈਂਸ ਨੈਕ) ਦੀ ਫੀਥੀ ਤਾਂ ਜ਼ਰੂਰ ਹੀ ਲਥ ਜਾਏਗੀ। ਸ੍ਰੀ ਬਾਊ ਜੀ ਸਾਰਾ ਦਿਨ ਘਰ ਹੀ ਰਹੇ ਅਤੇ ਨਿਤ ਦੀ ਕਿਰਿਆ ਵਾਂਗ ਪਾਠ ਸਿਮਰਨ ਵਿਚ ਜੁਟੇ ਰਹੇ।

ਅਗਲੇ ਦਿਨ ਜਦੋਂ ਇਨ੍ਹਾਂ ਨੂੰ ਕਰਨੈਲ ਸਾਹਿਬ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਇਨ੍ਹਾਂ ਦੇ ਟਰੁਪ-ਕੈਪਟਨ ਨੇ ਦਸਿਆ ਕਿ ਇਹ ਕਲ੍ਹ ਪ੍ਰੇਡ ਤੋਂ ਗ਼ੈਰਹਾਜ਼ਰ ਰਹੇ ਹਨ, ਜੋ ਬੜਾ ਸਖ਼ਤ ਕਸੂਰ ਹੈ। ਨਾਲ ਹੀ ਰਸਾਲੇ ਦਾ ਐਜੂਟੈਂਟ ਅਫ਼ਸਰ ਖੜਾ ਸੀ। ਉਸ ਨੇ ਕਰਨੈਲ ਸਾਹਿਬ ਨੂੰ ਆਖਿਆ ਕਿ ਇਹ ਹਰ ਸਨਿਚਰਵਾਰ ਨਾਰੰਗਵਾਲ ਜਾਂਦਾ ਹੈ ਤੇ ਸੋਮਵਾਰ ਲੇਟ ਆਉਂਦਾ ਹੈ। ਦੋਹਾਂ ਅਫ਼ਸਰਾਂ ਨੂੰ ਸੁਣ ਕੇ ਕਰਨੈਲ ਸਾਹਿਬ ਕਹਿਣ ਲਗੇ, "ਮੱਲ ਸਿੰਘ, ਯਿਹ ਕਿਆ ਬਾਤ ਹੈ ?" ਬਾਊ ਜੀ ਨੇ ਉਤਰ ਦਿਤਾ, "ਹਜ਼ੂਰ, ਮੈਂ ਪ੍ਰੇਡ ਤੋਂ ਗ਼ੈਰਹਾਜ਼ਰ ਤਾਂ ਜ਼ਰੂਰ ਹੋ ਗਿਆ ਸਾਂ, ਪਰ ਰਸਾਲੇ ਤੋਂ ਬਾਹਰ ਨਹੀਂ ਗਿਆ।" ਕਰਨੈਲ ਸਾਹਿਬ ਨੇ ਫਿਰ ਕਿਹਾ "ਮੱਲ ਸਿੰਘ, ਤੁਮ ਫ਼ਕੀਰ ਹੋ ਗਏ ਹੋ?" ਤਾਂ ਬਾਊ ਜੀ ਕਹਿਣ ਲਗੇ ਕਿ ਨਹੀਂ ਸਾਹਿਬ, ਮੈਨੂੰ ਪਤਾ ਹੀ ਨਹੀਂ ਰਿਹਾ। ਕਰਨੈਲ ਸਾਹਿਬ ਕਹਿਣ ਲਗੇ, "ਅਛਾ ਜਾਓ, ਫਿਰ ਐਸਾ ਨਹੀਂ ਕਰਨਾ।" ਉਥੇ ਖੜੇ ਸਾਰੇ ਫ਼ੌਜੀ ਹੈਰਾਨ ਹੋ ਗਏ। ਕਿਉਂਕਿ ਸਭ ਦਾ ਖ਼ਿਆਲ ਸੀ ਕਿ ਦੋਵੇਂ ਅਫ਼ਸਰ ਸਖ਼ਤ ਉਲਟ ਬੋਲੇ ਹਨ, ਤੇ ਸਜ਼ਾ ਸਖ਼ਤ ਹੋਵੇਗੀ।

ਜਦੋਂ ਸਾਰੇ ਉਥੋਂ ਤੁਰਨ ਲਗੇ ਤਾਂ ਐਜੂਟੈਂਟ ਅਫ਼ਸਰ ਕਹਿਣ ਲਗਾ ਕਿ may I write severely reprimanded in his sheet-roll ? (ਕੀ ਮੈਂ ਇਸ ਦੀ ਸ਼ੀਟ-ਰੋਲ ਵਿਚ ਇਸ ਨੂੰ ਦਿਤੀ ਗਈ ਸਖ਼ਤ ਤਾੜਨਾ ਲਿਖ ਦਿਆਂ ? ) ਅਗੋਂ ਕਰਨਲ ਸਾਹਿਬ ਦਾ ਜੁਆਬ ਮਿਲਿਆ, no, do not psoil his sheet-roll, he is a good man, (ਨਹੀਂ, ਇਸ ਦੀ ਸ਼ੀਟ-ਰੋਲ ਖ਼ਰਾਬ ਨਾ ਕਰੋ, ਇਹ ਚੰਗਾ ਆਦਮੀ ਹੈ)।

ਫ਼ੌਜ ਦੀ ਜਰਨਲ ਪ੍ਰੇਡ ਤੋਂ ਗ਼ੈਰਹਾਜ਼ਰ ਰਹਿਣਾ ਅਤੇ ਪੇਸ਼ੀ ਸਮੇਂ ਦੋਹਾਂ ਅਫ਼ਸਰਾਂ ਦਾ ਬਿਆਨ ਵੀ ਸਖ਼ਤ ਖ਼ਿਲਾਫ਼ ਦੇਣਾ ਕੋਈ ਮਮੂਲੀ ਘਟਨਾ ਨਹੀਂ ਸੀ, ਪਰ ਕਮਾਂਡਿੰਗ ਅਫ਼ਸਰ ਵਲੋਂ ਸਾਫ਼ ਬਰੀ ਕਰ ਦੇਣਾ, ਇਹ ਸਤਿਗੁਰਾਂ ਦੀ ਆਪਣੇ ਬਿਰਦ ਦਾ ਪਾਲਣਾ ਖ਼ਾਤਰ ਵਰਤਾਇਆ ਕ੍ਰਿਸ਼ਮਾ ਹੈ।

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥

[ਆਸਾ ਮ: ੫, ਪੰਨਾ ੪੦੩

ਬਾਊ ਮੱਲ ਸਿੰਘ ਜੀ ਦੇ ਜੀਵਨ ਦੀ ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਪਹਿਲੀ ਲੜਾਈ ਦੇ ਦਿਨਾਂ ਸਮੇਂ ਦੀ ਹੈ। ਓਦੋਂ ਇਨ੍ਹਾਂ ਦਾ ਰਸਾਲਾ ਫ਼ਰਾਂਸ ਦੇ ਮੈਦਾਨਿ-ਜੰਗ ਵਿਚ ਸੀ। ਇਕ ਦਿਨ ਸ੍ਰੀ ਬਾਊ ਜੀ ਨੇ ਕਿਸੇ ਸਿੰਘ ਨਮਿਤ ਰਖੇ ਜਾਣ ਵਾਲੇ ਸ੍ਰੀ ਅਖੰਡਪਾਠ ਦਾ ਅਰੰਭ ਕਰਾਉਣ ਜਾਣਾ ਸੀ। ਉਸ ਦਿਨ ਇਨ੍ਹਾਂ ਦੀ



www.AKJ.Org

ਡਿਊਟੀ ਟੈਲੀਫ਼ੋਨ ਤੇ ਸੀ। ਇਨ੍ਹਾਂ ਨੇ ਕਿਸੇ ਮਿਡ-ਕਲਰਕ ਨੂੰ ਕਹਿ ਦਿਤਾ ਕਿ ਉਹ ਇਨ੍ਹਾਂ ਦੀ ਡਿਊਟੀ ਟੈਲੀਫ਼ੋਨ ਤੇ ਨਿਭਾ ਦੇਵੇ। ਆਪ ਪਾਠੀਆਂ ਵਲ ਚਲੇ ਗਏ। ਪਿਛੋਂ ਉਹ ਕਲਰਕ ਟੈਲੀਫ਼ੋਨ ਦੀ ਡਿਊਟੀ ਦੇਣਾ ਭੁਲ ਗਿਆ। ਟੈਲੀਫ਼ੋਨ ਡਿਊਟੀ ਤੇ ਕੋਈ ਨਾ ਹੋਣ ਕਰਕੇ ਇਨ੍ਹਾਂ ਦੀ ਗ਼ੈਰਹਾਜ਼ਰੀ ਲਗ ਗਈ। ਲੜਾਈ ਵਿਚ ਸਖ਼ਤੀ ਜ਼ਿਆਦਾ ਹੁੰਦੀ ਹੈ। ਸੋ ਇਨ੍ਹਾਂ ਦੀ ਪੇਸ਼ੀ ਹੋ ਗਈ, ਪਰ ਉਥੇ ਵੀ ਜਦੋਂ ਕਰਨਲ ਸਾਹਿਬ ਨੂੰ ਇਹ ਪਤਾ ਲਗਾ ਕਿ ਇਹ ਕਿਸੇ ਧਾਰਮਕ ਕੰਮ ਗਏ ਸਨ ਤਾਂ ਮਾਫ਼ੀ ਹੋ ਗਈ।

ਅੰਬਾਲੇ ਛਾਉਣੀ ਵਿਖੇ ਲਗਾਤਾਰ ਸਮਾਗਮਾਂ ਦੇ ਰੰਗ ਬਝਦੇ ਰਹੇ। ਇਨ੍ਹਾਂ ਸਮਾਗਮਾਂ ਦੇ ਰੰਗ ਮਾਣਦਿਆਂ ਹੋਇਆਂ ਬਾਊ ਜੀ ਦੀ ਮਸਤਾਨੀ ਜਿਹੀ ਦਸ਼ਾ ਹੋ ਗਈ। ਸੁਰਤੀ ਬਿਰਤੀ ਉਚ-ਮੰਡਲਾਂ ਵਿਚ ਰਹਿੰਦੀ ਸੀ, ਇਸ ਲਈ ਸਰੀਰ ਦੀ ਸੰਭਾਲ ਤੇ ਦਫ਼ਤਰ ਦੇ ਕੰਮ-ਕਾਰ ਵਲ ਵੀ ਪੂਰਾ ਖ਼ਿਆਲ ਰਹਿਣਾ ਮੁਸ਼ਕਲ ਹੋ ਗਿਆ। ਸਾਰਾ ਵਕਤ ਸਿਮਰਨ ਤੇ ਹੀ ਲਗਦਾ ਸੀ।

ਹੁਣ ਬਾਊ ਜੀ ਨੂੰ "ਸਭੁ ਪਰਵਾਰੁ ਚੜਾਇਆ ਬੇੜੇ"* ਅਨੁਸਾਰ ਬਾਕੀ ਸਾਰੇ ਵੀਰਾਂ ਦੇ ਪਰਵਾਰਾਂ ਨੂੰ ਜਹਾਜ਼ੇ ਚੜ੍ਹਾਉਣ ਦਾ ਖ਼ਿਆਲ ਆਇਆ। ਦਾਸ ਠਾਕਰ ਸਿੰਘ ਦੇ ਪਿਤਾ ਸ: ਵਰਿਆਮ ਸਿੰਘ ਜੀ ਉਨ੍ਹੀਂ ਦਿਨੀਂ ਪਿਛਲੇ ਪਿੰਡ ਸਰਲੀ (ਅੰਮ੍ਰਿਤਸਰ) ਦੀ ਜ਼ਮੀਨ ਸੰਭਾਲ ਕਰ ਰਹੇ ਸਨ ਅਤੇ ਬਾਕੀ ਵੀਰ ਤੇ ਉਨ੍ਹਾਂ ਦੇ ਪਰਵਾਰ ਪਿੰਡ ਸਰਲੀ-ਨਾਗੋਕੀ (ਲਾਇਲਪੁਰ) ਮੁਰੱਬਿਆਂ ਤੇ ਰਹਿੰਦੇ ਸਨ।

## ਸਰਲੀ ਵਿਖੇ ਅਖੰਡਪਾਠ ਸਮਾਗਮ–

ਵੀਰ ਪਰਵਾਰਾਂ ਨੂੰ ਅੰਮ੍ਰਿਤ ਛਕਾਉਣ ਦੇ ਆਸ਼ੇ ਨੂੰ ਮੁਖ ਰਖ ਕੇ ਬਾਊ ਜੀ ਨੇ ਪਿਛਲੇ ਪਿੰਡ ਸਰਲੀ ਵਿਖੇ ਸ੍ਰੀ ਅਖੰਡਪਾਠ ਸਮਾਗਮ ਕਰਨ ਲਈ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਬੇਨਤੀ ਕੀਤੀ। ਉਨ੍ਹਾਂ ਖ਼ੁਸ਼ੀ ਨਾਲ ਪਰਵਾਨ ਕਰ ਲਈ।

ਭਾਈ ਸਾਹਿਬ ਸਾਰੇ ਜਥੇ ਸਮੇਤ ਇਕ ਦਿਨ ਪਹਿਲਾਂ ਟਾਂਗਰੇ ਸਟੇਸ਼ਨ ਤੇ ਆ ਉਤਰੇ। ਅਗੋਂ ਸ੍ਰੀ ਬਾਊ ਜੀ ਨੰਗੇ ਪੈਰੀਂ ਸਟੇਸ਼ਨ ਤੇ ਪਹੁੰਚੇ ਹੋਏ ਸਨ। ਜਥੇ ਨੂੰ ਦੇਖਣ ਸਾਰ ਛਪਾਲ ਧੂੜੀ ਵਿਚ ਡੰਡੋਤ-ਪਰਨੇ ਲੇਟ ਗਏ। ਬਾਊ ਜੀ ਦੀ ਦਸ਼ਾ ਬਹੁਤ ਵੈਰਾਗਮਈ ਸੀ। ਜਥੇ ਦੇ ਸਾਰੇ ਸਿੰਘ ਵੀ ਉਨ੍ਹਾਂ ਦੀ ਇਹ ਦਸ਼ਾ ਦੇਖ ਦੇਖ ਕੇ ਵੈਰਾਗਮਈ ਉਛਾਲਿਆਂ ਵਿਚ ਆ ਰਹੇ ਸਨ। ਜਦ ਬਾਊ ਜੀ ਨੂੰ ਧੂੜੀ ਵਿਚੋਂ ਉਠਾਇਆ ਗਿਆ ਤਾਂ ਇਹ ਸ਼ਬਦ ਗਾਂਵਿਆ–

ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤਹ ਸਹ ਨਾਲੇ ॥੨॥

ਸਲੋਕ ਮ: ੫, ਪੰਨਾ ੧੪੨੪-੨੫

ਟਾਂਗਰੇ ਸਟੇਸ਼ਨ ਤੇ ਚਾਰ ਘੰਟੇ ਖੜੇ-ਖੜੋਤਿਆਂ ਹੀ ਕੀਰਤਨ ਹੋਇਆ। ਬੜਾ ਅਜਬ ਰੰਗ ਬਝਾ, ਜੋ "ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ"‡। ਹੈ ਇਨ੍ਹਾਂ ਵੈਰਾਗਮਈ ਰੰਗਾਂ ਵਿਚ ਕੀਰਤਨ ਕਰਦਿਆਂ ਹੀ ਸਾਰਾ ਜਥਾ ਚਾਰ ਪੰਜ ਮੀਲ ਸਟੇਸ਼ਨ ਤੋਂ ਤੁਰ ਕੇ ਸਰਲੀ ਪੁਜਾ। ਅਗੋਂ ਸਾਰਾ ਪਿੰਡ ਅਗਵਾਈ ਲਈ ਆਇਆ ਹੋਇਆ ਸੀ। ਘਰ ਪੁਜ ਕੇ ਰਾਤ ਦਸ ਵਜੇ ਤਕ ਖ਼ੂਬ ਕੀਰਤਨ ਹੋਇਆ। ਬੀਬੀ ਨਿਹਾਲ ਕੌਰ ਜੀ ਵੀ ਬੱਚਿਆਂ ਸਮੇਤ ਅੰਬਾਲੇ ਤੋਂ ਸਰਲੀ ਪੁਜੇ ਹੋਏ ਸਨ। ਉਨ੍ਹਾਂ ਨੇ ਜਥੇ ਦੀ ਤੇ ਲੰਗਰ ਦੀ ਅਤੁਟ ਸੇਵਾ ਕੀਤੀ। ਇਲਾਕੇ ਦੇ ਸਾਰੇ ਗੁਰਮੁਖ ਆਏ ਹੋਏ ਸਨ। ਅਖੰਡਪਾਠ ਬੜੇ ਰੰਗਾਂ ਵਿਚ ਹੋਇਆ। ਲੰਗਰ ਬਿਬੇਕ ਦਾ ਚਲ ਰਿਹਾ ਸੀ, ਜਿਸ ਵਿਚ ਤਿਆਰ-ਬਰ-ਤਿਆਰ ਸਿੰਘ ਹੀ ਸੇਵਾ ਕਰਦੇ ਸਨ। ਇਲਾਕੇ ਦੇ ਲੋਕ ਇਹ ਸਾਰਾ

---

* ਗਉੜੀ ਕਬੀਰ ਜੀ, ਪੰਨਾ ੩੩੭

‡ ਸਲੋਕ ਕਬੀਰ ਜੀ ਨੰਬਰ ੧੨੧, ਪੰਨਾ ੧੩੭੦



www.AKJ.Org

ਕੁਝ ਵੇਖ ਕੇ ਬੜੇ ਹੈਰਾਨ ਹੋਏ। ਉਨ੍ਹਾਂ ਲਈ ਇਹ ਇਕ ਅਨੋਖੀ ਗੱਲ ਸੀ, ਕਿਉਂਕਿ ਬਾਕੀ ਘਰਾਂ ਵਿਚ ਪਾਣੀ ਮਹਿਰੇ ਹੀ ਭਰਦੇ ਸਨ। ਦਾਸ ਖਾਲਸਾ ਕਾਲਜ ਤੋਂ ਛੁੱਟੀ ਲੈ ਕੇ ਪੁਜਾ ਹੋਇਆ ਸੀ। ਸਾਰੇ ਸਮਾਗਮ ਦੇ ਅਨੰਦ ਮਾਣੇ। ਇਹ ਜ਼ਿਕਰ ੧੯੧੩ ਈਸਵੀ ਦਾ ਹੈ। ਬੜੀਆਂ ਖੁਸ਼ੀਆਂ ਵਿਚ ਇਹ ਅਨੰਦਮਈ ਸਮਾਗਮ ਸਮਾਪਤ ਹੋਈਆ।

ਜਦੋਂ ਭਾਈ ਸਾਹਿਬ ਜੀ ਨੇ ਅਰੰਭ ਅਤੇ ਭੋਗ ਦੀ ਅਰਦਾਸ ਕਰਨ ਲਈ ਸ੍ਰੀ ਬਾਊ ਜੀ ਨੂੰ ਆਖਿਆ, ਤਾਂ ਅਰਦਾਸ ਵਿਚ ਉਹ ਵੈਰਾਗਮਈ ਰੰਗ ਬਝੇ, ਜੋ ਅਜ ਤਕ ਹਲੂਣਾ ਦੇ ਰਹੇ ਹਨ। ਮੈਨੂੰ ਉਹ ਅਰਦਾਸ ਅਜ ਤਕ ਨਹੀਂ ਭੁਲੀ, ਕਿਉਂ ਜੁ ਉਸ ਵਕਤ ਵੀ ਅਰਦਾਸ ਵਿਚ ਓਹ ਅਨੰਦ ਸੀ ਜੋ ਹਮੇਸ਼ਾ ਸਾਰੀ ਸੰਗਤ ਉਨ੍ਹਾਂ ਦੀ ਅਰਦਾਸ ਵਿਚ ਮਾਣਦੀ ਰਹੀ।

ਅਖੰਡਪਾਠ ਦੇ ਭੋਗ ਉਪਰੰਤ ਬਾਊ ਜੀ ਨੇ ਸਾਰੇ ਪਰਵਾਰ ਨੂੰ ਅੰਮ੍ਰਿਤ ਛਕਾਉਣ ਦੀ ਸਲਾਹ ਕੀਤੀ ਤਾਂ ਪਿਤਾ ਜੀ (ਭਾਈ ਵਰਿਆਮ ਸਿੰਘ) ਬੜੇ ਖ਼ੁਸ਼ ਹੋਏ ਤੇ ਕਹਿਣ ਲਗੇ ਕਿ ਸਾਡੇ ਵਡੇ ਭਾਗ ਹੋਣਗੇ ਕਿ ਇਹੋ ਜਿਹੇ ਗੁਰੂ-ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤਿ ਮਿਲੇ। ਓਦੋਂ ਜਥੇ ਵਿਚ ਇਹ ਲਾਜ਼ਮੀ ਕਰਾਰ ਦਿਤਾ ਜਾਂਦਾ ਸੀ ਕਿ ਸਾਰੇ ਅੰਮ੍ਰਿਤਧਾਰੀ ਬਿਬੇਕ ਧਾਰਨ ਕਰਨਗੇ। ਸੋ ਉਨ੍ਹਾਂ ਮਜਬੂਰੀ ਦਸਦਿਆਂ ਕਿਹਾ ਕਿ ਸਾਰਾ ਪਰਵਾਰ ਲਾਇਲਪੁਰ ਦੀ ਬਾਰ ਵਿਚ ਹੈ, ਜਿਥੇ ਪਿੰਡ ਵਿਚ ਸਿਰਫ਼ ਇਕੋ ਇਕ ਖੂਹ ਹੈ, ਜੋ ਘਰ ਤੋਂ ਬਹੁਤ ਦੂਰ ਹੈ ਅਤੇ ਜਿਸ ਦਾ ਪਾਣੀ ਘਟੋ ਘਟ ਸੌ ਫੁਟ ਡੂੰਘਾ ਹੈ। ਬਿਬੇਕ ਰਖਣ ਲਈ ਪਾਣੀ ਢੋਣ ਦੀ ਸੇਵਾ ਤਾਂ ਆਪ ਕਰਨੀ ਪਵੇਗੀ। ਸੋ ਕਿਰਪਾ ਕਰੋ ਤੇ ਆਗਿਆ ਦਿਓ ਕਿ ਮੈਂ ਉਥੇ ਜਾ ਕੇ ਬਾਕੀ ਵੀਰਾਂ ਤੇ ਪਰਵਾਰ ਨਾਲ ਸਲਾਹ ਕਰ ਲਵਾਂ। ਸ੍ਰੀ ਬਾਊ ਜੀ ਇਹ ਗੱਲ ਮੰਨ ਤਾਂ ਗਏ, ਪਰ ਨਾਲ ਹੀ ਇਹ ਸ਼ਰਤ ਲਾ ਦਿਤੀ ਕਿ ਮੇਰਾ ਪਰਵਾਰ ਨਾਲ ਤਾਂ ਹੀ ਮਿਲਾਪ ਹੋਵੇਗਾ ਜੇ ਸਾਰੇ ਤਿਆਰ-ਬਰ-ਤਿਆਰ, ਬਿਬੇਕ ਰਖ ਕੇ ਅੰਮ੍ਰਿਤ ਪਾਨ ਕਰੋਗੇ। ਸਾਰੇ ਸਮਾਗਮ ਦੀ ਸਮਾਪਤੀ ਉਪਰੰਤ ਜਥੇ ਦੇ ਨਾਲ ਵਿਦਾ ਹੋ ਗਏ ਅਤੇ ਜਥੇ ਨੂੰ ਨਾਰੰਗਵਾਲ ਛਡ ਕੇ ਆਪ ਅੰਬਾਲੇ ਛਾਉਣੀ ਪੁਜ ਗਏ।

**ਨਾਗੋਕੀ ਸਰਲੀ ਲਾਇਲਪੁਰ ਵਿਖੇ ਅੰਮ੍ਰਿਤ-ਸਿੰਚਾਰ ਸਮਾਗਮ–**

ਗੁਰੂ ਕੇ ਭਾਣੇ ਵਿਚ ਸ੍ਰੀ ਬਾਊ ਜੀ ਵਲੋਂ ਪਰਵਾਰ ਨਾਲ ਅੰਮ੍ਰਿਤ ਛਕਣ ਤਕ ਨਾ-ਮਿਲਵਰਤਣ ਕਰਨ ਦੀ ਕਰੜਾਈ ਰੰਗ ਲਿਆਈ। ਦਾਸ ਦੇ ਪਿਤਾ ਸ: ਵਰਿਆਮ ਸਿੰਘ ਜੀ ਨੇ ਬਾਰ ਵਿਚ ਆਪਣੇ ਪਿੰਡ ਨਾਗੋਕੀ-ਸਰਲੀ ਜ਼ਿਲਾ ਲਾਇਲਪੁਰ ਵਿਚ ਪੁਜ ਕੇ ਆਪਣੇ ਪਰਵਾਰ ਨਾਲ ਸੰਲਾਹ ਕੀਤੀ। ਕੁਝ ਸਮੇਂ ਬਅਦ ਸੱਚੇ ਪਾਤਸ਼ਾਹ ਨੇ ਹਿੰਮਤ ਬਖਸ਼ੀ ਤੇ ਮਨ ਤਕੜਾ ਹੋ ਗਿਆ। ਅੰਮ੍ਰਿਤ ਛਕਣ ਲਈ ਤਿਆਰ-ਬਰ-ਤਿਆਰ ਸਜ ਕੇ ਅੰਮ੍ਰਿਤ ਦੇ ਪਾਤਰ ਬਣਨ ਲਈ ਕਮਰਕਸੇ ਕਰ ਲਏ। ਪਿਤਾ ਜੀ ਨੇ ਆਪਣੇ ਛੋਟੇ ਵੀਰ ਸ੍ਰੀ ਬਾਊ ਜੀ ਨੂੰ ਚਿਠੀ ਲਿਖੀ, "ਵੀਰ ਜੀ, ਅਸੀਂ ਸਾਰਾ ਪਰਵਾਰ ਅੰਮ੍ਰਿਤ ਛਕਣ ਲਈ ਬਿਲਕੁਲ ਤਿਆਰ ਹਾਂ। ਮਨ ਪੱਕਾ ਹੋ ਗਿਆ ਹੈ ਤੇ ਆਪਣੀ ਏਹੜ-ਤੇਹੜ ਛਡ ਬੈਠਾ ਹੈ। ਅਤੇ ਹੁਣ ਗੁਰੂ ਦੀ ਕਿਰਪਾ ਨਾਲ ਸਾਰੀ ਢਿਲ-ਮੱਠ ਮੁਕ ਗਈ ਹੈ। ਆਪ ਜੀ ਕਿਰਪਾ ਕਰੋ ਅਤੇ ਗੁਰਮੁਖ ਪਿਆਰਿਆਂ ਦੇ ਜਥੇ ਸਮੇਤ ਦਰਸ਼ਨ ਬਖ਼ਸ਼ੋ। ਜੇ ਤੁਸੀਂ ਨਾ ਆਏ ਅਤੇ ਗੁਰੂ-ਭਾਣੇ ਵਿਚ ਜੇ ਸਰੀਰ ਬਿਨਸ ਜਾਏ ਤਾਂ ਇਸ ਦੀ ਜ਼ਿਮੇਵਾਰੀ ਆਪ ਜੀ ਦੀ ਹੋਵੇਗੀ।"

ਪੱਤਰ ਪੁਜਣ ਤੇ ਸ੍ਰੀ ਬਾਊ ਜੀ ਨੇ ਭਾਈ ਸਾਹਿਬ ਪਾਸ ਨਾਰੰਗਵਾਲ ਪੁਜ ਕੇ ਬੇਨਤੀ ਕੀਤੀ ਕਿ ਦਾਸ ਦੇ ਵੀਰ-ਪਰਵਾਰ ਤੇ ਬਖਸ਼ਸ਼ ਕਰੋ ਅਤੇ ਬਾਰ ਵਿਚ ਪੁਜ ਕੇ ਸਮਾਗਮ ਰਚੋ ਤੇ ਪਰਵਾਰ ਨੂੰ ਜਹਾਜ਼ੇ ਚੜ੍ਹਾਓ। ਪ੍ਰੇਮ-ਕੁਠੀਆਂ ਰੂਹਾਂ ਦੇ ਪ੍ਰੇਮ-ਉਛਾਲਿਆਂ ਅਗੇ ਕੌਣ ਹੁਤ ਕਰੇ। ਭਾਈ ਸਾਹਿਬ ਜੀ ਨੇ ਖੁਸ਼ੀ ਨਾਲ ਪਰਵਾਨਗੀ ਦੇ ਦਿਤੀ। ਸਮਾਗਮ ਦੀਆਂ ਤਰੀਕਾਂ ਮਿਥ ਲਈਆਂ ਗਈਆਂ। ਮਿਥੇ ਸਮੇਂ ਤੇ ਸ੍ਰੀ ਬਾਊ ਜੀ, ਸ੍ਰੀ ਮਾਨ ਭਾਈ ਸਾਹਿਬ ਅਤੇ ਸਾਰਾ ਜਥਾ ਨਾਲ ਲੈ ਕੇ ਨਾਗੋਕੇ-ਸਰਲੀ ਪੁਜ ਗਏ। ਜਥੇ ਨੇਂ ਪਿੰਡ ਤੋਂ ਤਕਰੀਬਨ ਅੱਧਾ



www.AKJ.Org

ਮੀਲ ਦੂਰੀ ਤੋਂ ਕੀਰਤਨ ਕਰਨਾ ਸ਼ੁਰੂ ਕਰ ਦਿਤਾ। ਅਗਲੇ ਪਾਸੇ ਵੀ ਪਿੰਡ ਦੀ ਸੰਗਤ ਕੀਰਤਨ ਕਰਦੀ ਉਡੀਕ ਰਹੀ ਸੀ। ਇਹ ਸ਼ਬਦ ਪੜ੍ਹਿਆ ਜਾ ਰਿਹਾ ਸੀ–

ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥੩॥੧੬॥

[ਆਸਾ ਮ: ੪ ਛੰਤ, ਪੰਨਾ ੪੪੯

ਪਿੰਡ ਦੀ ਵੜਦੀ ਗੁੱਠੇ ਮਿਲਾਪ ਹੋਇਆ, ਜਿਥੇ ਦੋਵੇਂ ਜਥੇ ਆਮ੍ਹੋ ਸਾਹਮਣੇ ਕਿੰਨਾ ਚਿਰ ਕੀਰਤਨ ਕਰਦੇ ਰਹੇ, ਤੇ ਫਿਰ ਘਰ ਪੁਜ ਗਏ। ਇਲਾਕੇ ਵਿਚ ਇਹ ਖ਼ਬਰ ਪੁਜਣ ਨਾਲ ਸੰਗਤਾਂ ਵਿਚ ਉਤਸ਼ਾਹ ਜਾਗ ਪਿਆ। ਸਾਰੇ ਸਮਾਗਮ ਵਿਚ ਬੇਅੰਤ ਸੰਗਤਾਂ ਦਰਸ਼ਨਾਂ ਦਿੰਦੀਆਂ ਰਹੀਆਂ। ਸ੍ਰੀ ਅਖੰਡਪਾਠ ਦਾ ਇਹ ਸਮਾਗਮ ਇਲਾਕੇ ਦਾ ਇਕ ਵਡਾ ਦੀਵਾਨ ਹੀ ਬਣ ਗਿਆ। ਅਖੰਡਪਾਠ ਦੇ ਨਾਲ ਸਰਬ ਲੋਹੀ ਬਿਬੇਕ ਦਾ ਲੰਗਰ,ਸਮਾ-ਗਮ ਨੂੰ ਬੜਾ ਰੰਗ ਲਾ ਰਿਹਾ ਸੀ। ਘਰ ਵਾਲੇ ਤੇ ਇਲਾਕੇ ਦੇ ਹੋਰ ਪ੍ਰੇਮੀ ਸੇਵਾ ਵਿਚ ਲੱਕ ਬੰਨ੍ਹਕੇ ਜੁਟੇ ਹੋਏ ਸਨ।

ਸ੍ਰੀ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਰਖਿਆ ਗਿਆ ਅਤੇ ਭੋਗ ਪਿਛੋਂ ਫਿਰ ਵਾਰ ਦਾ ਕੀਰਤਨ ਹੋਇਆ, ਜਿਸ ਦਾ ਭੋਗ ਦੁਪਹਿਰੋਂ ਬਾਅਦ ਪਿਆ ਤੇ ਅੰਮ੍ਰਿਤ-ਸਿੰਚਾਰ ਸ਼ੁਰੂ ਹੋ ਗਿਆ। ਪੰਜਾਂ ਪਿਆਰਿਆਂ ਵਿਚ ਸ੍ਰੀ ਭਾਈ ਸਾਹਿਬ, ਸ੍ਰੀ ਬਾਊ ਜੀ, ਭਾਈ ਅਤਰ ਸਿੰਘ ਜੀ, ਗਿਆਨੀ ਦਲੀਪ ਸਿੰਘ ਜੀ ਤੇ ਭਾਈ ਸੁਰਜਨ ਸਿੰਘ ਜੀ ਅਤੇ ਇਕ ਸਿੰਘ ਹੋਰ ਸ਼ਾਮਲ ਹੋਏ। ਆਪਣੇ ਪਰਵਾਰ ਤੋਂ ਇਲਾਵਾ ਡਾਕਟਰ ਗੁਰਬਖਸ਼ ਸਿੰਘ ਜੀ ਰਾਵਲਪਿੰਡੀ ਵਾਲੇ, ਜੋ ਇਥੇ ਸਰਕਾਰੀ ਹਸਪਤਾਲ ਵਿਚ ਡਾਕਟਰ ਸਨ, ਤੇ ਉਨ੍ਹਾਂ ਦਾ ਪਰਵਾਰ, ਭਾਈ ਤ੍ਰਿਪਤ ਸਿੰਘ ਜੀ, ਜੋ ਪਿਛੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ, ਪਰਵਾਰ ਸਮੇਤ ਅਤੇ ਇਲਾਕੇ ਦੇ ਹੋਰ ਉਘੇ ਪਰਵਾਰਾਂ ਨੇ ਅੰਮ੍ਰਿਤ ਪਾਨ ਕੀਤਾ। ਸਾਰੇ ਸਮਾਗਮਾਂ ਦੇ ਭੋਗ ਪੈਣ ਤੇ ਜਥਾ ਬੜੀ ਨਿਰਾਲੀ ਸ਼ਾਨ ਨਾਲ ਪਿੰਡ ਤੋਂ ਬਾਹਰ ਇਕ ਮੀਲ ਤਕ ਕੀਰਤਨ ਕਰਦਾ ਹੋਇਆ ਵਿੱਦਾ ਹੋਇਆ। ਉਦੋਂ ਦਾ ਇਕ ਸ਼ਬਦ ਅਜੇ ਵੀ ਕੰਨਾਂ ਵਿਚ ਗੂੰਜਾਂ ਗੁੰਜਾਉਂਦਾ ਹੈ। ਸ਼ਬਦ ਸੀ–

ਬੀਰਾ ਬੀਰਾ ਕਰਿ ਰਹੀ, ਬੀਰ ਭਏ ਬੈਰਾਇ ॥
ਬੀਰ ਚਲੇ ਘਰਿ ਆਪਣੇ ਬਹਿਣ ਬਿਰਹਿ ਜਲਿ ਜਾਇ ॥੪੦॥

[ਓਅੰਕਾਰ, ਰਾਮਕਲੀ ਮ: ੧, ਪੰਨਾ ੯੩੫

ਜਥੇ ਨੂੰ ਅਬਾਸਪੁਰ ਸਟੇਸ਼ਨ ਤੇ ਗਡੀ-ਸਵਾਰ ਕਰ ਕੇ, ਉਨ੍ਹਾਂ ਦੀਆਂ ਖੁਸ਼ੀਆਂ ਲੈਂਦੇ ਹੋਏ ਸ੍ਰੀ ਬਾਊ ਜੀ, ਪਿਤਾ ਜੀ ਤੇ ਦਾਸ ਵਾਪਸ ਪਿੰਡ ਪੁਜ ਗਏ।

ਇਸ ਗੁਰਮਤਿ ਸਮਾਗਮ ਦੀ ਸਾਰੇ ਇਲਾਕੇ ਵਿਚ ਧੁੰਮ ਪੈ ਗਈ ਤੇ ਬੜੀ ਮਹਿਮਾ ਹੋਈ। ਇਹ ਸਮਾਗਮ ੧੯੧੪ ਈਸਵੀ ਵਿਚ ਹੋਇਆ ਸੀ।

ਡਾਕਟਰ ਗੁਰਬਖ਼ਸ਼ ਸਿੰਘ ਜੀ ਓਹੋ ਹੀ ਗੁਰਮੁਖ ਡਾਕਟਰ ਸਨ, ਜੋ ਲਾਇਲਪੁਰ ਤੋਂ ਬਦਲ ਕੇ ੧੯੨੮ ਵਿਚ ਰਾਵਲ ਪਿੰਡੀ ਸ਼ਹਿਰ ਵਿਚ ਜਾ ਲਗੇ ਸਨ। ਇਨ੍ਹਾਂ ਦੇ ਉਪਰਾਲੇ ਸਦਕਾ ਹੀ ਬਾਊ ਜੀਸਣੇ ਜਥੇ ਦੇ ਰਾਵਲ-ਪਿੰਡੀ ਪੁਜ ਕੇ ਗੁਰਮਤਿ ਸਮਾਗਮ ਕਰਦੇ ਰਹੇ। ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਤਦੋਂ ਅਜੇ ਜੇਲ੍ਹ-ਯਾਤਰਾ ਹੀ ਕਰ ਰਹੇ ਸਨ। ੧੯੩੦ ਵਿਚ ਜੇਲ੍ਹ ਤੋਂ ਰਿਹਾ ਹੋ ਕੇ ਰਾਵਲਪਿੰਡੀ ਦੇ ਸਮਾਗਮ ਵਿਚ ਭਾਈ ਸਾਹਿਬ ਜੀ ਵੀ ਜਥੇ ਨਾਲ ਆ ਸ਼ਾਮਲ ਹੋਏ ਸਨ।

ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਪਿਤਾ ਜੀ ਨੂੰ ਗਜ ਗਜ ਲਾਲੀਆਂ ਚੜ੍ਹ ਗਈਆਂ। ਆਪ ਜੀ ਨੇ ਸਾਰੇ ਪਰਵਾਰ ਲਈ ਬਿਬੇਕ ਦਾ ਜਲ ਢੋਣ ਦੀ ਸੇਵਾ ਆਪਣੇ ਜ਼ਿਮੇ ਲੈ ਲਈ। ਖੂਹ ਚੋਂ ਜਲ ਕਢਣ ਲਈ ਲੱਜ, ਪੀਪਾ ਤੇ ਵਙਿੰਗੀ ਬਣਵਾ ਲਈ ਅਤੇ ੧੪ ਸਾਲ ਸਾਰੇ ਪਰਵਾਰ ਲਈ ਜਲ ਢੋਣ ਦੀ ਸੇਵਾ ਕੀਤੀ। ਇਹ ਦਾਤਾ ਜੀ ਦੀ ਬਖ਼ਸ਼ਸ਼ ਸੀ। ਫਿਰ ਘਰ ਵਿਚ ਹੀ ਖੂਹੀ ਲਗਵਾ ਲਈ ਤੇ ਸਾਰਾ ਕੰਮ ਠੀਕ ਹੋ ਗਿਆ। [ਚਲਦਾ



www.AKJ.Org

# ਪੰਜਾਬ ਵਿਚ ਸਿਖਾਂ ਤੇ ਢਾਹੇ ਜਾ ਰਹੇ ਜ਼ੁਲਮ

ਸ੍ਰੀ ਵੀ.ਐਮ. ਤਰਕੁੰਡੇ ਚੇਅਰਮੈਨ ਆਫ਼ ਪੀਪਲਜ਼ ਫ਼ਾਰ ਸਿਵਲ ਲਿਬਰਟੀਜ਼ ਨੇ ਜਲੰਧਰ ਵਿਖੇ ਬੁਧੀਜੀਵੀਆਂ ਦੀ ਇਕ ਮੀਟਿੰਗ ਵਿਚ ਦਸਿਆ ਹੈ ਕਿ ਇਸ ਕਮਿਸ਼ਨ ਨੇ ਪੰਜਾਬ ਦੇ ਤਿੰਨਾਂ ਪਿੰਡਾਂ ਦਾ ਸਰਵੇਖਣ ਕਰਨ ਪਿਛੋਂ ਇਹ ਸਿੱਟਾ ਕਢਿਆ ਹੈ ਕਿ ਪੰਜਾਬ ਵਿਚ ਕੋਈ ਕਾਨੂੰਨ ਜੈਸੀ ਚੀਜ਼ ਦਾ ਨਾਉਂ ਨਹੀਂ ਰਿਹਾ ਅਤੇ ਪੁਲਿਸ ਜਿਸ ਤੇ ਵੀ ਸ਼ੱਕ ਕਰਦੀ ਹੈ ਤੇ ਨੁਕਸਾਨ ਪਹੁੰਚਾਣਾ ਚਾਹੁੰਦੀ ਹੈ ਉਸ ਤੇ ਹਰੇਕ ਕਿਸਮ ਦੇ ਜ਼ੁਲਮ ਢਾਹ ਰਹੀ ਹੈ। ਇਹ ਚਾਰ-ਮੈਂਬਰੀ ਕਮੇਟੀ ਪੰਜਾਬ ਪੁਲਿਸ ਵਲੋਂ ਹੋ ਰਹੇ ਤਸ਼ੱਦਦ ਬਾਰੇ ਇਨਕੁਆਰੀ ਕਰ ਰਹੀ ਹੈ।

ਸ੍ਰੀ ਤਰਕੁੰਡੇ ਨੇ ਬੜੇ ਵਿਸਥਾਰ ਨਾਲ ਬਹੁਤ ਸਾਰੀ ਪੁਲਸ ਵਲੋਂ ਸਿੱਖਾਂ ਤੇ ਹੋ ਰਹੇ ਜ਼ੁਲਮਾਂ ਬਾਰੇ ਹਵਾਲੇ ਦਿੰਦਿਆਂ ਕਿਹਾ ਕਿ ਪੁਲਸ ਨੇ ਅੰਨ੍ਹੇਵਾਹ, ਜਿਸ ਸਿੱਖ ਦੀ ਵੀ ਕਿਸੇ ਨੱਸਣ ਵਾਲੇ ਅਪ੍ਰਾਧੀ ਨਾਲ ਸ਼ਕਲ ਮਿਲਦੀ ਸੀ, ਜਾਂ ਜੋ ਵੀ ਉਸ ਦਾ ਕੋਈ ਰਿਸ਼ਤੇਦਾਰ ਸੀ, ਅੰਮ੍ਰਿਤਧਾਰੀ ਸਿਖ ਸੀ ਜਾਂ ਉਸ ਨੇ ਕਿਰਪਾਨ ਪਾਈ ਹੋਈ ਸੀ ਉਸ ਨੂੰ ਫੜ ਕੇ ਕੁਟਣਾ ਸ਼ੁਰੂ ਕਰ ਦਿਤਾ। ਉਸ ਦੇ ਘਰ ਨੂੰ ਅੱਗ ਲਾਈ, ਫ਼ਰਨੀਚਰ ਨੂੰ ਸਾੜ ਫੂਕ ਦਿਤਾ ਅਤੇ ਉਸ ਦਾ ਕਿਸੇ ਨੇ ਹਾਲ ਪਾਹਰਿਆ ਨਾ ਸੁਣਿਆ। ਉਥੇ ਕੋਈ ਕਾਨੂੰਨ ਜੈਸੀ ਚੀਜ਼ ਦਾ ਕੋਈ ਨਾਮ ਨਹੀਂ, ਜੰਗਲੀ ਰਾਜ ਵਾਂਗੂ ਗੰਭੀਰ ਹਾਲਾਤ ਪੈਦਾ ਕਰ ਦਿਤੇ ਗਏ ਹਨ। ਲੋਕੀਂ ਇਨਸਾਫ ਲਈ ਹਾਲ ਦੁਹਾਈ ਪਾ ਰਹੇ ਹਨ, ਪਰ ਕੋਈ ਸੁਣਨ ਵਾਲਾ ਨਹੀਂ।

ਸ: ਭੁਪਿੰਦਰ ਸਿੰਘ ਮਾਨ ਕਮਿਸ਼ਨ ਦੇ ਮੈਂਬਰ ਨੇ ਵੀ ਮੀਟਿੰਗ ਵਿਚ ਬੋਲਦਿਆਂ ਕਿਹਾ ਕਿ ਸ੍ਰੀ ਤਰਕੁੰਡੇ ਦੀ ਰੀਪੋਰਟ ਬਿਲਕੁਲ ਦਰੁਸਤ ਹੈ ਤੇ ਪੁਲਿਸ ਵਲੋਂ ਹੋ ਰਹੇ ਅਤਿਆਚਾਰ ਬੜੇ ਸ਼ਰਮਨਾਕ ਹਨ ਅਤੇ ਇਵੇਂ ਪੁਲਿਸ ਆਪਣੀ ਤਾਕਤ ਦੀ ਦੁਰਵਰਤੋਂ ਕਰ ਰਹੀ ਹੈ।

ਸ੍ਰੀ ਤਰਕੁੰਡੇ ਨੇ ਪੰਜਾਬ ਨੂੰ ਯੂ. ਪੀ. ਤੇ ਬਿਹਾਰ ਦੀ ਸਥਿਤੀ ਨਾਲ ਤੁਲਨਾ ਦਿੰਦਿਆਂ ਕਿਹਾ ਕਿ ਸੈਂਕੜੇ ਬੰਦੇ ਸਤਾਧਾਰੀ ਪਾਰਟੀ ਨੂੰ ਖੁਸ਼ ਰਖਣ ਲਈ ਗੋਲੀਆਂ ਦਾ ਨਿਸ਼ਾਨਾ ਬਣਾਏ ਗਏ ਹਨ, ਇਵੇਂ ਹੀ ਪੰਜਾਬ ਵਿਚ ਹੋ ਰਿਹਾ ਹੈ। ਉਹਨਾਂ ਕਿਹਾ ਕਿ ਦੇਸ਼ ਦੀ ਰਾਜਨੀਤਕ ਸਥਿਤੀ ਬੜੀ ਗੰਭੀਰ ਰੂਪ ਧਾਰਨ ਕਰ ਰਹੀ ਹੈ ਤੇ ਐਮਰਜੈਂਸੀ ਵਲ ਕਦਮ ਪੁਟ ਰਹੀ ਹੈ, ਡੈਮੋਕਰੇਟਿਵ ਖ਼ਤਮ ਹੋ ਰਹੀ ਹੈ, ਕਿਉਂਕਿ ਕਾਨੂੰਨ ਦੀ ਮਿਟੀ ਪਲੀਤ ਹੋ ਚੁਕੀ ਹੈ। ਇਸ ਲਈ ਜਨਤਾ ਵਿਚ ਏਕਤਾ ਲਿਆ ਕੇ ਆਪਣੇ ਹਕਾਂ ਦੀ ਰਾਖੀ ਅਤੇ ਪ੍ਰੈਸ ਦੀ ਅਜ਼ਾਦੀ ਲਈ ਇਸ ਬੇਕਨੂੰਨੀ ਵਿਰੁਧ ਡਟਣਾ ਚਾਹੀਦਾ ਹੈ।

ਇਹ ਕਮਿਸ਼ਨ ਨੇ ਜਿਸਦੇ ਨੇਤਾ ਸ੍ਰੀ ਤਰਕੁੰਡੇ ਸਨ, ਇਸ ਬਿਆਨ ਤੋਂ ਪਹਿਲਾਂ ਜਲੰਧਰ ਤੇ ਕਪੂਰਥਲਾ ਦੇ ਜਿਨ੍ਹਾਂ ਪਿੰਡਾਂ ਦਾ ਸਰਵੇਖਣ ਕੀਤਾ ਉਹਨਾਂ ਦੇ ਨਾਉਂ ਇਹ ਹਨ—ਨਰੂਰ ਪੰਛਟਾ, ਕਾਲਾ-ਸਿੰਘੀਆ ਅਤੇ ਚੱਠਾ ਸੰਧੂਵਾਂ। ਸ੍ਰੀ ਕੁਲਦੀਪ ਨਯੱਰ, ਸ: ਭੁਪਿੰਦਰ ਸਿੰਘ ਮਾਨ ਤੇ ਸ: ਮਨਜੀਤ ਸਿੰਘ ਇਸ ਕਮੇਟੀ ਦੇ ਮੈਂਬਰ ਹਨ।

ਨਰੂਰ ਪੰਛਟਾ ਵਿਖੇ ਜਨਤਾ ਪਾਰਟੀ ਦੇ ਲੀਡਰ ਸ੍ਰੀ ਮਹਿੰਦਰ ਪਾਲ ਨੂੰ ਕਿਸੇ ਅਣ ਪਛਾਤੇ ਮੋਟਰ-ਸਾਈਕਲ-ਸਵਾਰ ਨੇ ਗੋਲੀ ਮਾਰ ਕੇ ਮਾਰ ਦਿਤਾ ਅਤੇ ਸ੍ਰਦਾਰ ਦਰਬਾਰਾ ਸਿੰਘ ਮੁਖ ਮੰਤਰੀ ਨੂੰ ੨੧ ਜਨਵਰੀ ਨੂੰ ਕਥਿਤ ਦੋਸ਼ੀ ਇਕਬਾਲ ਸਿੰਘ ਨੇ ਕਰਾਟੇ ਨਾਲ ਚਿਤ ਗਿਰਾਇਆ, ਭਾਵੇਂ ਮੁਖ ਮੰਤਰੀ ਨੇ ਇਸ ਗੱਲ ਨੂੰ ਨਹੀਂ ਮੰਨਿਆ। ਦੂਜੇ ਦੋਹਾਂ ਪਿੰਡਾਂ ਵਿਚ ਪੁਲਸ ਵਲੋਂ ਤਸ਼ੱਦਦ ਦੀਆਂ ਰੀਪੋਰਟਾਂ ਮਿਲੀਆਂ ਹਨ।

ਜਲੰਧਰ ਵਿਚ ਕੁਝ ਕੁ ਹਿੰਦੂਆਂ ਨੇ ਕਾਲੇ ਬਿਲਿਆਂ ਨਾਲ ਕਮਿਸ਼ਨ ਵਿਰੁਧ ਵਿਖਾਲਾ ਕੀਤਾ, ਇਨ੍ਹਾਂ ਵਿਚ ਕੁਝ ਇਸਤ੍ਰੀਆਂ ਵੀ ਸ਼ਾਮਲ ਸਨ। ਇਨ੍ਹਾਂ ਨੇ ਕਮਿਸ਼ਨ ਨੂੰ "ਵਾਪਸ ਜਾਓ" ਦੇ ਨਾਹਰੇ ਵੀ ਲਾਏ ਅਤੇ ਇਕ ਮੈਮੋਰੈਂਡਮ ਵੀ ਦਿਤਾ। ਰਣਜੀਤ ਵੀਕਲੀ ੧੪-੨-੮੨, ਟਾਈਮਜ਼ ਆਫ਼ ਇੰਡੀਆ, ੮-੨-੧੯੮੨ ਦੇ ਹਵਾਲੇ ਨਾਲ

'ਸੂਰਾ' ਅੰਮ੍ਰਿਤਸਰ, ਅਪ੍ਰੈਲ ੧੯੮੨



www.AKJ.Org

# ਨਕਲੀ ਨਿਰੰਕਾਰੀਆਂ ਬਾਰੇ ਜਥੇਦਾਰ ਅਕਾਲ ਤਖਤ ਸਾਹਿਬ ਦਾ ਬਿਆਨ

ਇਹ ਐਲਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗੁਰਦਿਆਲ ਸਿੰਘ ਜੀ ਅਜਨੋਹਾ ਨੇ ਇਕ ਵਿਸ਼ੇਸ਼ ਮੁਲਾਕਾਤ ਦੇ ਦੌਰਾਨ ਕੀਤਾ। ਉਨ੍ਹਾਂ ਸਪਸ਼ਟ ਕੀਤਾ ਕਿ ਹੁਕਮਨਾਮੇ ਵਿਚ ਦਰਜ ਇਸ ਮੱਦ, "ਗੁਰੂ ਕੀ ਆਗਿਆ ਹੈ : ਪੂਜਾ ਅਕਾਲ ਪੁਰਖ ਕੀ। ਪਰਚਾ ਸ਼ਬਦ ਕਾ। ਦਰਸ਼ਨ ਖਾਲਸੇ ਕਾ।" ਅਨੁਸਾਰ ਇਹ ਤਿੰਨ ਗੱਲਾਂ ਮੰਨਣ ਵਾਲੇ ਨੂੰ ਮੁਆਫ ਕੀਤਾ ਜਾ ਸਕਦਾ ਹੈ। ਸਿਖ ਰਹਿਤ ਮਰਯਾਦਾ ਅਨੁਸਾਰ ਵੀ, ਸਿਖ ਰਹਿਤ ਮਰਯਾਦਾ ਗ੍ਰਹਿਣ ਕਰਨ ਅਤੇ ਉਸ ਦੇ ਅਸੂਲਾਂ ਤੇ ਚਲਣ ਦਾ ਪ੍ਰਣ ਕਰਨ ਵਾਲੇ ਨੂੰ ਵੀ ਤਨਖਾਹ ਲਾ ਕੇ ਮਾਫ ਕੀਤਾ ਜਾ ਸਕਦਾ ਹੈ। ਤਨਖਾਹੀਆ ਕਰਾਰ ਦਿਤੇ ਗਏ ਵਿਅੱਕਤੀਆਂ ਵਿਚੋਂ ਜਿਹੜੇ ਅੰਮ੍ਰਿਤ ਛਕ ਕੇ ਸਿੱਖ ਪੰਥ ਵਿਚ ਮਿਲ ਜਾਣ ਉਹਨਾਂ ਨਾਲ ਵਰਤਣਾ ਠੀਕ ਹੈ। ਇਸ ਲਈ ਜਿਹੜੇ ਨਿਰੰਕਾਰੀ ਸ੍ਰੀ ਅਕਾਲ ਤਖਤ ਸਾਹਿਬ ਅਗੇ ਪੇਸ਼ ਹੋ ਕੇ ਸਿੱਖ ਧਰਮ ਗ੍ਰਹਿਣ ਕਰਨ ਅਤੇ ਉਸ ਉਪਰ ਚਲਣ ਦਾ ਪ੍ਰਣ ਕਰਨ ਅਤੇ ਪਿਛਲੀਆਂ ਗਲਤੀਆਂ ਦੀ ਮਾਫੀ ਮੰਗਣ, ਉਨ੍ਹਾਂ ਨੂੰ ਤਨਖਾਹ ਲਾ ਕੇ ਮਾਫ ਕੀਤਾ ਜਾ ਸਕਦਾ ਹੈ।

ਨਕਲੀ ਨਿਰੰਕਾਰੀਆਂ ਨਾਲ ਸਮਝੌਤੇ ਸਬੰਧੀ ਪੁਛੇ ਗਏ ਪ੍ਰਸ਼ਨ ਦੇ ਉੱਤਰ ਵਿਚ ਸਿੰਘ ਸਾਹਿਬ ਨੇ ਕਿਹਾ, ਅਸੀਂ ਨਿਰੰਕਾਰੀਆਂ ਨੂੰ ਸਿੱਖ ਹੀ ਨਹੀਂ ਮੰਨਦੇ। ਇਸ ਲਈ ਉਨ੍ਹਾਂ ਨਾਲ ਸਮਝੌਤਾ ਕਾਹਦਾ? ਸਮਝੌਤਾ ਤਾਂ ਬਰਾਬਰ ਦੀ ਧਿਰ ਨਾਲ ਹੀ ਹੋ ਸਕਦਾ ਹੈ।

ਕੀ ਨਿਰੰਕਾਰੀਆਂ ਨੂੰ ਮਾਫੀ ਦੇਣ ਲਈ ਹੁਕਮਨਾਮੇ ਵਿਚ ਸੋਧ ਕਰਨੀ ਪਵੇਗੀ? ਇਸ ਪ੍ਰਸ਼ਨ ਦੇ ਉਤਰ ਵਿਚ ਸਿੰਘ ਸਾਹਿਬ ਨੇ ਕਿਹਾ, ਇਸ ਲਈ ਪਹਿਲਾਂ ਹੀ ਪ੍ਰੰਪਰਾ ਮੌਜੂਦ ਹੈ, ਇਸ ਲਈ ਹੁਕਮਨਾਮੇ ਵਿਚ ਕੋਈ ਸੋਧ ਕਰਨ, ਹੁਕਮਨਾਮਾ ਵਾਪਸ ਲੈਣ ਜਾਂ ਨਵਾਂ ਹੁਕਮਨਾਮਾ ਜਾਰੀ ਕਰਨ ਦੀ ਕੋਈ ਲੋੜ ਨਹੀਂ ਹੈ।

੧੯੭੮ ਦੇ ਵਿਸਾਖੀ ਕਾਂਡ ਪਿਛੋਂ ੧੦ ਜੂਨ ੧੯੭੮ ਨੂੰ ਨਕਲੀ ਨਿਰੰਕਾਰੀਆਂ ਵਿਰੁਧ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤਾ ਗਿਆ। ਕੀ ਨਿਰੰਕਾਰੀ ਮੁਖੀ ਹਰਦੇਵ ਸਿੰਘ ਨੂੰ ਵੀ ਮਾਫ ਕੀਤਾ ਜਾ ਸਕਦਾ ਹੈ? ਇਸ ਪ੍ਰਸ਼ਨ ਦੇ ਉੱਤਰ ਵਿਚ ਸਿੰਘ ਸਾਹਿਬ ਨੇ ਕਿਹਾ ਕਿ ਜੇ ਉਹ ਸ੍ਰੀ ਅਕਾਲ ਤਖਤ ਸਾਹਿਬ ਅਗੇ ਪੇਸ਼ ਹੋ ਕੇ ਪਿਛੇ ਕੀਤੇ ਗੁਨਾਹਾਂ ਦੀ ਮਾਫੀ ਮੰਗੇ ਅਤੇ ਸਿਖ ਧਰਮ ਗ੍ਰਹਿਣ ਦਾ ਪ੍ਰਣ ਕਰੇ ਤਾਂ ਉਸ ਨੂੰ ਵੀ ਮਾਫ ਕਰਨ ਬਾਰੇ ਵਿਚਾਰ ਕੀਤੀ ਜਾ ਸਕਦੀ ਹੈ।

ਕੀ ਤੁਸੀਂ ਨਿਰੰਕਾਰੀਆਂ ਦੀਆਂ ਕਿਤਾਬਾਂ 'ਅਵਤਾਰ ਬਾਣੀ' ਤੇ 'ਯੁਗ ਪੁਰਸ਼' ਸੋਧਣ ਦੇ ਹੱਕ ਵਿਚ ਹੋ? ਇਸ ਪ੍ਰਸ਼ਨ ਦਾ ਉੱਤਰ ਦਿੰਦਿਆਂ ਸਿੰਘ ਸਾਹਿਬ ਨੇ ਕਿਹਾ, ਇਹ ਕਿਤਾਬਾਂ ਬੰਦ ਹੋਣੀਆਂ ਚਾਹੀਦੀਆਂ ਹਨ। ਸੋਧਣ ਨਾਲ ਮਸਲਾ ਹਲ ਨਹੀਂ ਹੁੰਦਾ। ਕਿਉਂਕਿ ਸਿਖ ਪੰਥ ਇਹਨਾਂ ਕਿਤਾਬਾਂ ਨੂੰ ਕਿਸੇ ਹਾਲਤ ਵਿਚ ਵੀ ਪਰਵਾਨ ਕਰਨ ਲਈ ਤਿਆਰ ਨਹੀਂ ਹੈ।

ਨਿਰੰਕਾਰੀ ਮੁਖੀ ਹਰਦੇਵ ਸਿੰਘ ਦੀ ਚਿੱਠੀ ਦੀ ਚਰਚਾ ਕਰਦਿਆਂ ਜਥੇਦਾਰ ਅਜਨੋਹਾ ਨੇ ਕਿਹਾ, ਇਸ ਚਿੱਠੀ ਨੂੰ ਲੈ ਕੇ ਪ੍ਰੈਸ ਵਿਚ ਸਮਝੌਤੇ ਸੰਬੰਧੀ ਜੋ ਖਬਰਾਂ ਛਪ ਰਹੀਆਂ ਹਨ, ਉਹ ਬੇ-ਬੁਨਿਆਦ ਅਤੇ ਮਨਘੜਤ ਹਨ। ਉਸ ਚਿੱਠੀ ਬਾਰੇ ਕੁਝ ਸਿਆਣੇ ਵਿਅਕਤੀਆਂ ਤੋਂ ਛੁਟ ਉਹਨਾਂ ਨੇ ਕਿਸੇ ਮੀਟਿੰਗ ਵਿਚ ਜਾਂ ਉਸ ਤਰ੍ਹਾਂ ਆਮ ਵਿਅਕਤੀਆਂ ਨਾਲ ਕੋਈ ਵਿਚਾਰ ਨਹੀਂ ਕੀਤੀ।

—ਅਕਾਲੀ ਪਤ੍ਰਕਾ ੧੩-੩-੮੨

---

**ਕੀਰਤਨੀ ਵੀਰਾਂ ਦੇ ਨਵੇਂ ਐਡਰੈਸ—** ਭਾਈ ਮੇਹਰ ਸਿੰਘ ਜੀ ਬਲਾਕ ਨੰ:7, ਹਾਊਸ ਨੰ: 71—ਏ, ਮੋਤੀ ਨਗਰ, ਨਵੀਂ ਦਿਲੀ—15

(੨) **ਭਾਈ ਕੁਲਵੰਤ ਸਿੰਘ ਜੀ ਦਾ ਐਡਰੈਸ**—ਪੰਜਾਬ ਐਂਡ ਸਿੰਧ ਬੈਂਕ, ਨਾਗੋਕੇ ਜ਼ਿਲਾ ਅੰਮ੍ਰਿਤਸਰ



www.AKJ.Org

# ਮਸੂਰੀ ਦੇ ਗੁਰਦਵਾਰੇ ਤੇ ਧਾੜਵੀਆਂ ਦਾ ਹਮਲਾ

## ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਮਾਰਤ ਨੂੰ ਭਾਰੀ ਨੁਕਸਾਨ

ਨੋਟ—'ਅਜੀਤ' ਜਲੰਧਰ ਨੇ ਕੁਝ ਦਿਨ ਪਹਿਲੇ ਇਹ ਦੁਖਦਾਈ ਖ਼ਬਰ ਦਿਤੀ ਸੀ ਕਿ ਪੰਜਾਬ ਨੈਸ਼ਨਲ ਬੈਂਕ ਦੇ ਕਿਸੇ ਕਾਰਕੁਨ ਸਤਿਆ ਭੂਸ਼ਨ ਜੈਨ ਨੇ, ਬੈਂਕ ਵਲੋਂ ਪ੍ਰਕਾਸ਼ਤ ਹੁੰਦੇ ਤ੍ਰੈਮਾਸਕ "ਸਟਾਫ਼ ਜਰਨਲ" ਵਿਚ ਸਿਖਾਂ ਦੇ ਕੇਸਾਂ ਦਾ ਮਖੌਲ ਉਡਾਂਦਿਆਂ ਕਈ ਕੋਝੀਆਂ ਗੱਲਾਂ ਲਿਖੀਆਂ, ਜਿਸ ਨਾਲ ਸਿਖ ਹਿਰਦਿਆਂ ਨੂੰ ਵਲੂੰਧਰਿਆ ਗਿਆ ਹੈ। ਹੁਣ 'ਅਜੀਤ' ਨੇ ੧੫.੩.੮੨ ਦੇ ਆਪਣੇ ਸੰਪਾਦਕੀ ਨੋਟ ਵਿਚ ਸਿਖ ਧਰਮ ਦੇ ਦੋਖੀਆਂ ਵਲੋਂ ਮਸੂਰੀ ਵਿਖੇ ਗੁਰਦੁਆਰਾ ਸਾਹਿਬ ਤੇ ਹਮਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਕੋਝੀ ਕਰਤੂਤ ਨੂੰ ਹੇਠ ਲਿਖੇ ਸ਼ਬਦਾਂ ਵਿਚ ਦਿਤਾ ਹੈ। 'ਸੂਰਾ' ਮਾਰਚ ਅਗਸਤ ਵਿਚ ਵੀ ਜਥੇਦਾਰ ਅਖੰਡ ਕੀਰਤਨੀ ਜਥੇ ਵਲੋਂ ਬਿਆਨ ਛਪਿਆ ਸੀ ਕਿ ਸਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇ ਕੇ ਸਿਖ ਹਿਰਦਿਆਂ ਨੂੰ ਸ਼ਾਂਤ ਕਰੇ, ਨਹੀਂ ਤਾਂ ਇਸ ਦਾ ਪ੍ਰਤਿਕਰਮ ਅਣ-ਸੁਖਾਵਾਂ ਹੋਣਾ ਕੁਦਰਤੀ ਹੈ।

ਕੀ ਸਿਖ ਆਜ਼ਾਦ ਭਾਰਤ ਵਿਚ ਦੂਜੇ ਜਾਂ ਤੀਜੇ ਦਰਜੇ ਦੇ ਸ਼ਹਿਰੀ ਹਨ ਕਿ ਉਹਨਾਂ ਨਾਲ ਜੋ ਵੀ ਜੋ ਸਲੂਕ ਚਾਹੇ, ਕਰੇ ? ਭਾਰਤ ਦੇ ਸੰਵਿਧਾਨ ਨੇ ਹਰ ਇਕ ਨੂੰ ਇਕੋ ਜਿਹੇ ਹੱਕ ਦੇ ਰਖੇ ਹਨ ਅਤੇ ਹਰ ਇਕ ਨੂੰ ਆਪਣੇ ਅਕੀਦੇ ਅਨੁਸਾਰ ਪੂਜਾ ਪਾਠ ਦੀ ਆਗਿਆ ਹੈ। ਪਰ ਕੀ ਕਾਰਨ ਹੈ ਕਿ ਦੇਸ਼ ਦੇ ਕਈ ਭਾਗਾਂ ਵਿਚ ਗੁਰਦੁਆਰਿਆਂ ਤੇ ਹਮਲੇ ਕੀਤੇ ਜਾਂਦੇ ਹਨ ? ਕਿਧਰੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਖੰਡਨ ਕਰ ਦਿਤਾ ਜਾਂਦਾ ਹੈ। ਜਾਂ ਨਿਸ਼ਾਨ ਸਾਹਿਬ ਉਖਾੜ ਲਏ ਜਾਂਦੇ ਹਨ। ਰਾਜਪੁਰਾ ਵਿਚ ਜੋ ਕੁਝ ਹੋਇਆ, ਉਹ ਵੀ ਸਾਹਮਣੇ ਹੈ। ਗੁਰਦੁਆਰਾ ਸਾਹਿਬ ਲਈ ਜ਼ਮੀਨ ਦੇਣ ਦਾ ਵਾਅਦਾ ਕਰ ਕੇ ਜ਼ਮੀਨ ਨਾ ਦਿਤੀ ਗਈ।

ਹੁਣ ਜੋ ਤਾਜ਼ਾ ਘਟਨਾ ਹੋਈ ਹੈ, ਉਹ ਮਸੂਰੀ ਦੇ ਗੁਰਦਵਾਰੇ ਤੇ ਹਮਲੇ ਦੀ ਹੈ। ਇਹ ਗੁਰਦਵਾਰਾ ਫ਼ਿਫ਼ਥ ਸੈਂਟੀਨਰੀ ਸਕੂਲ ਮਸੂਰੀ ਵਲੋਂ ਬਣਾਇਆ ਗਿਆ ਹੈ। ਇਹ ਸਕੂਲ ਉਤਰ ਪ੍ਰਦੇਸ ਵਿਚ ਵਡੀ ਸਿੱਖ ਸੰਸਥਾ ਹੈ। ਇਸ ਸਕੂਲ ਬਾਰੇ 'ਅਜੀਤ' ਵਿਚ ਕਈ ਵਾਰ ਰਿਪੋਰਟਾਂ ਛਪੀਆਂ ਹਨ ਤੇ ਇਹ ਗੱਲ ਕਹੀ ਜਾ ਸਕਦੀ ਹੈ ਕਿ ਇਸ ਸਕੂਲ ਵਿਚ ਜਿਥੇ ਪੜ੍ਹਾਈ ਹੁੰਦੀ ਹੈ, ਉਥੇ ਧਾਰਮਿਕ ਵਿਦਿਆ ਵਲ ਵੀ ਧਿਆਨ ਦਿਤਾ ਜਾਂਦਾ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੋਹੜਾ ਨੇ ਪਿਛਲੇ ਦਿਨੀਂ ਪਟਿਆਲਾ ਵਿਚ ਕਿਹਾ ਸੀ ਕਿ ਉਹ ਇਹ ਚਾਹੁੰਦੇ ਹਨ ਕਿ ਸਕੂਲਾਂ 'ਚ ਧਾਰਮਿਕ ਵਿਸ਼ਾ ਲਾਜ਼ਮੀ ਕਰਾਰ ਦਿਤਾ ਜਾਏ। ਇਹ ਸਕੂਲ ਪਹਿਲਾਂ ਹੀ ਇਸ ਤੇ ਅਮਲ ਕਰ ਰਿਹਾ ਹੈ। ਬੱਚਿਆਂ ਨੂੰ ਪੂਰੀ ਤਰ੍ਹਾਂ ਧਾਰਮਿਕ ਵਿਦਿਆ ਦਿਤੀ ਜਾਂਦੀ ਹੈ। ਸ਼ਾਇਦ ਇਹ ਹੀ ਕਾਰਨ ਹੈ ਕਿ ਕੁਝ ਲੋਗਾਂ ਨੂੰ ਇਹ ਸਕੂਲ ਚੁੱਭ ਰਿਹਾ ਹੈ ਤੇ ਉਹਨਾਂ ਨੇ ਗੁਰਦਵਾਰਾ ਸਾਹਿਬ ਤੇ ਪਿਛਲੇ ਦਿਨੀਂ ਹਮਲਾ ਕਰ ਦਿਤਾ।

ਇਹ ਘਟਨਾ ਪਿਛਲੇ ਮਹੀਨੇ ਦੀ ੧੮ ਤਰੀਕ ਦੀ ਹੈ, ਜਦ ਕੁਝ ਹਥਿਆਰਬੰਦ ਗੁੰਡੇ ਗੁਰਦਵਾਰਾ ਸਾਹਿਬ ਵਿਚ ਆਏ ਤੇ ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਦੀ ਬੇਅਦਬੀ ਕੀਤੀ। ਜਦ ਸੇਵਾਦਾਰਾਂ ਨੇ ਉਹਨਾਂ ਨੂੰ ਰੋਕਿਆ ਤਾਂ ਉਹਨਾਂ ਨੇ ਸੇਵਾਦਾਰਾਂ ਨੂੰ ਮਾਰ ਕੁਟਾਈ ਕੀਤੀ। ਗੁਰੂ ਗ੍ਰੰਥ ਸਾਹਿਬ ਦੀ ਬੀੜ ਉਹ ਚੁਕ ਕੇ ਲੈ ਗਏ ਅਤੇ ਕਿਹਾ ਨਹੀਂ ਜਾ ਸਕਦਾ ਕਿ ਉਹਨਾਂ ਨੇ ਇਸ ਨਾਲ ਕੀ ਵਰਤਾਉ ਕੀਤਾ ਹੋਵੇਗਾ।



www.AKJ.Org

ਫਿਰ ਉਹਨਾਂ ਨੇ ਗੁਰਦੁਆਰਾ ਸਾਹਿਬ ਦੀਆਂ ਬੂਹੇ ਬਾਰੀਆਂ ਅਤੇ ਅਲਮਾਰੀਆਂ ਤੋੜ ਦਿਤੀਆਂ। ਉਹ ਜਿੰਨਾ ਵੀ ਨੁਕਸਾਨ ਕਰ ਸਕਦੇ ਸਨ, ਉਹਨਾਂ ਨੇ ਕੀਤਾ। ਇਸ ਘਟਨਾ ਦੇ ਦੂਜੇ ਦਿਨ ਧਾੜਵੀ ਫਿਰ ਆ ਗਏ। ਇੰਜ ਜਾਪਦਾ ਹੈ ਕਿ ਉਹਨਾਂ ਨੂੰ ਕਿਸੇ ਦਾ ਡਰ ਨਹੀਂ ਸੀ। ਜਦ ਉਹ ਆਏ ਤਾਂ ਸੇਵਾਦਾਰ ਮੌਜੂਦ ਸਨ। ਉਹਨਾਂ ਨੇ ਪਾਠ ਖੰਡਨ ਕਰ ਦਿਤਾ ਅਤੇ ਗੁਰਦੁਆਰਾ ਸਾਹਿਬ ਦਾ ਹੋਰ ਨੁਕਸਾਨ ਕੀਤਾ।

ਇਸ ਘਟਨਾ ਦੀ ਰੀਪੋਰਟ ਪੁਲਿਸ ਪਾਸ ਲਿਖਵਾਈ ਗਈ ਹੈ ਤੇ ਪੁਲਸ ਢਾਈ ਘੰਟੇ ਲੇਟ ਪੁਜੀ। ਗੁਰਦੁਆਰਾ ਸਾਹਿਬ ਤੇ ਹਮਲੇ ਦਾ ਮਾਮਲਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੋਟਿਸ ਵਿਚ ਲਿਆਂਦਾ ਗਿਆ ਹੈ ਤੇ ਸ਼ਰੋਮਣੀ ਕਮੇਟੀ ਨੇ ਸਰਕਾਰ ਨੂੰ ਤਾਰਾਂ ਦੇ ਕੇ ਇਸ ਘਟਨਾ ਦੀ ਤੁਰੰਤ ਜਾਂਚ ਕਰਨ ਤੇ ਧਾੜਵੀਆਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਹੈ।

ਧਾੜਵੀਆਂ ਨੇ ਗੁਰਦੁਆਰਾ ਸਾਹਿਬ ਤੇ ਇਕ ਵਾਰ ਨਹੀਂ, ਦੋ ਵਾਰ ਹਮਲਾ ਕੀਤਾ। ਕੀ ਇਹ ਹਮਲਾ ਕੁਝ ਅਧਿਕਾਰੀਆਂ ਦੀ ਮਰਜ਼ੀ ਤੋਂ ਬਿਨਾਂ ਹੋ ਸਕਦਾ ਸੀ ? ਜੇ ਪਹਿਲੇ ਦਿਨ ਹੀ ਪੁਲਸ ਕਾਰਵਾਈ ਕਰਦੀ ਤਾਂ ਦੂਜੀ ਵਾਰ ਕਿਸੇ ਨੂੰ ਹਮਲਾ ਕਰਨ ਦੀ ਜੁਰਅਤ ਨਾ ਹੁੰਦੀ। ਅਸੀਂ ਤਾਂ ਇਹ ਕਹਿੰਦੇ ਹਾਂ ਕਿ ਪਹਿਲੀ ਵਾਰ ਵੀ ਹਮਲਾ ਨਾ ਹੁੰਦਾ, ਜੇ ਪੁਲਿਸ ਚੌਕਸ ਹੁੰਦੀ। ਇਹ ਹਮਲਾ ਅਚਾਨਕ ਤਾਂ ਹੋਇਆ ਨਹੀਂ, ਕਿਉਂਕਿ ਜਿਸ ਤਰ੍ਹਾਂ ਹਥਿਆਰਬੰਦ ਲੋਕ ਆਏ, ਉਹ ਕਿਸੇ ਗਿਣੀ ਮਿਥੀ ਸਾਜ਼ਸ਼ ਦੇ ਅਧੀਨ ਹੀ ਆ ਸਕਦੇ ਸਨ। ਇਹ ਤਾਂ ਹੋ ਨਹੀਂ ਸਕਦਾ ਕਿ ਉਹਨਾਂ ਦੇ ਦਿਲ ਵਿਚ ਹਮਲੇ ਦਾ ਵਿਚਾਰ ਆਇਆ ਤੇ ਫਿਰ ਗੁਰਦੁਆਰਾ ਸਾਹਿਬ ਤੇ ਹਮਲਾ ਕਰ ਦਿਤਾ। ਉਹਨਾਂ ਨੂੰ ਪਤਾ ਸੀ ਕਿ ਇਸ ਦਾ ਸਖਤ ਪ੍ਰਤੀਕਰਮ ਹੋ ਸਕਦਾ ਹੈ ਅਤੇ ਸਿਖ ਇਸ ਗੱਲ ਨੂੰ ਬਰਦਾਸ਼ਤ ਨਹੀਂ ਕਰਨਗੇ। ਫਿਰ ਇਹ ਹਮਲਾ ਸੋਚੀ ਸਮਝੀ ਸਾਜ਼ਿਸ਼ ਦਾ ਸਿੱਟਾ ਇਸ ਲਈ ਵੀ ਦਿਖਾਈ ਦਿੰਦਾ ਹੈ ਕਿ ਪਹਿਲੇ ਦਿਨ ਹਮਲਾ ਹੋਇਆ, ਧਾੜਵੀਆਂ ਨੇ ਗੁਰਦੁਆਰਾ ਸਾਹਿਬ ਦਾ ਕਾਫੀ ਨੁਕਸਾਨ ਕੀਤਾ ਤਾਂ ਦੂਜੇ ਦਿਨ ਉਹ ਫਿਰ ਆ ਗਏ। ਗੁਰਦੁਆਰਾ ਸਾਹਿਬ ਤੇ ਹਮਲਾ ਕੋਈ ਮਾਮੂਲੀ ਘਟਨਾ ਨਹੀਂ, ਜਿਸ ਨੂੰ ਅਖੋਂ ਉਹਲੇ ਕਰ ਦਿਤਾ ਜਾਏ। ਇਸ ਹਮਲੇ ਦੇ ਕਾਰਨ ਸਕੂਲ ਦੇ ਸਟਾਫ਼ ਅਤੇ ਬੱਚਿਆਂ ਵਿਚ ਦਹਿਸ਼ਤ ਹੈ, ਕਿਉਂਕਿ ਉਹਨਾਂ ਨੂੰ ਡਰ ਹੈ ਕਿ ਜੇ ਗੁਰਦੁਆਰਾ ਸਾਹਿਬ ਤੇ ਹਮਲਾ ਹੋ ਸਕਦਾ ਹੈ ਤਾਂ ਫਿਰ ਸਕੂਲ ਤੇ ਵੀ ਹੋ ਸਕਦਾ ਹੈ।

ਉਤਰ ਪ੍ਰਦੇਸ਼ ਪੰਜਾਬ ਦਾ ਗੁਆਂਢੀ ਰਾਜ ਹੈ ਤੇ ਉਤਰ ਪ੍ਰਦੇਸ਼ ਦੇ ਮੁਖ ਮੰਤਰੀ ਇਸ ਗੱਲ ਤੋਂ ਭਲੀ ਪ੍ਰਕਾਰ ਵਾਕਿਫ ਹਨ ਕਿ ਸਿਖਾਂ ਦੇ ਇਸ ਮਾਮਲੇ ਵਿਚ ਜਜ਼ਬਾਤ ਕੀ ਹੋ ਸਕਦੇ ਹਨ। ਉਹ ਇਸ ਗੱਲ ਨੂੰ ਕਿਸ ਤਰ੍ਹਾਂ ਬਰਦਾਸ਼ਤ ਕਰ ਸਕਦੇ ਹਨ ਕਿ ਕੁਝ ਗੁੰਡੇ ਉਠ ਕੇ ਉਹਨਾਂ ਦੇ ਪਾਵਨ ਧਰਮ-ਅਸਥਾਨਾਂ ਤੇ ਹਮਲੇ ਕਰਨ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਾਂ ਕੇਂਦਰੀ ਅਤੇ ਯੂ.ਪੀ. ਸਰਕਾਰ ਨੂੰ ਵੀ ਤਾਰਾਂ ਦਿਤੀਆਂ ਹਨ, ਪਰ ਐਨਾ ਹੀ ਕਾਫੀ ਨਹੀਂ। ਇਸ ਸੰਬੰਧੀ ਇਹ ਮਾਮਲਾ ਪੂਰੀ ਤਾਕਤ ਨਾਲ ਉਠਾਇਆ ਜਾਣਾ ਚਾਹੀਦਾ ਹੈ। ਯੂ.ਪੀ. ਸਿਖ ਪ੍ਰਤੀਨਿਧ ਬੋਰਡ ਨੂੰ ਵੀ ਇਹ ਮਾਮਲਾ ਉਤਰ ਪ੍ਰਦੇਸ਼ ਸਰਕਾਰ ਪਾਸ ਉਠਾਣਾ ਚਾਹੀਦਾ ਹੈ। ਜੇ ਅਜ ਮਸੂਰੀ ਦਾ ਗੁਰਦੁਆਰਾ ਸੁਰੱਖਿਅਤ ਨਹੀਂ ਹੈ ਤਾਂ ਕਲ੍ਹ ਨੂੰ ਕਿਸੇ ਹੋਰ ਗੁਰਦੁਆਰੇ ਤੇ ਵੀ ਹਮਲਾ ਹੋ ਸਕਦਾ ਹੈ। ਅਸੀਂ ਉਤਰ ਪ੍ਰਦੇਸ਼ ਦੇ ਮੁਖ ਮੰਤਰੀ ਨੂੰ ਕਹਾਂਗੇ ਕਿ ਉਹ ਇਸ ਮਾਮਲੇ ਵਿਚ ਜ਼ਾਤੀ ਦਿਲਚਸਪੀ ਲੈਣ ਅਤੇ ਪੁਲਿਸ ਨੂੰ ਹਦਾਇਤ ਕੀਤੀ ਜਾਏ ਕਿ ਉਹ ਗੁੰਡਿਆਂ ਵਿਰੁਧ ਤੁਰਤ ਕਾਰਵਾਈ ਕਰੇ, ਭਾਵੇਂ ਇਹਨਾਂ ਗੁੰਡਿਆਂ ਨੂੰ ਕਿੰਨੇ ਵੀ ਵਡੇ ਆਦਮੀ ਦੀ ਹਮਾਇਤ ਪ੍ਰਾਪਤ ਹੋਵੇ। ਸਗੋਂ ਉਸ ਆਦਮੀ ਵਿਰੁਧ ਵੀ ਕਾਰਵਾਈ ਹੋਣੀ ਚਾਹੀਦੀ ਹੈ ਜਿਸ ਨੇ ਇਹ ਸਾਜ਼ਿਸ਼ ਤਿਆਰ ਕੀਤੀ। ਇਸ ਦੇ ਨਾਲ ਹੀ ਉਹਨਾਂ ਪੁਲਸ ਅਫਸਰਾਂ ਦੇ ਕੰਨ ਵੀ ਖਿਚੇ ਜਾਣੇ ਚਾਹੀਦੇ ਹਨ ਜਿਨ੍ਹਾਂ ਨੇ ਇਸ ਬਾਰੇ ਕੋਤਾਹੀ ਤੋਂ ਕੰਮ ਲਿਆ। ਅਜ ਸਾਰਾ ਸਿਖ ਜਗਤ ਉੱਤਰ-ਪ੍ਰਦੇਸ਼ ਸਰਕਾਰ ਵਲ ਵੇਖ ਰਿਹਾ ਹੈ ਕਿ ਉਹ ਕੀ ਕਾਰਵਾਈ ਕਰਦੀ ਹੈ।



www.AKJ.Org

# ਕਾਰਕਾਂ ਸੰਬੰਧੀ ਜਾਣ ਪਛਾਣ

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

**ਨੋਟ:**—ਗੁਰਬਾਣੀ ਦਾ ਪਾਠ ਕਰਨ ਸਮੇਂ ਨਾਵਾਂ, ਪੜਨਾਵਾਂ, ਵਿਸ਼ੇਸ਼ਣਾਂ ਆਦਿ ਦੇ ਅੰਤ ਵਿਚ ਕੁਝ ਲਗ-ਮਾਤ੍ਰੀ-ਚਿੰਨ੍ਹ ਲਗੇ ਮਿਲਦੇ ਹਨ। ਇਨ੍ਹਾਂ ਨੂੰ ਕਾਰਕ ਆਖਦੇ ਹਨ। ਇਨ੍ਹਾਂ ਦਾ ਅਰਥਾਂ ਨਾਲ ਗੂੜ੍ਹਾ ਸੰਬੰਧ ਹੈ, ਇਸ ਲਈ ਇਨ੍ਹਾਂ ਬਾਰੇ ਜਾਣਕਾਰੀ ਹੋਣੀ ਹਰ ਗੁਰਬਾਣੀ ਦੇ ਪ੍ਰੇਮੀ ਲਈ ਜ਼ਰੂਰੀ ਹੈ। ਭਾਵੇਂ ਇਹ ਵਿਸ਼ਾ ਖੁਸ਼ਕ ਹੈ, ਪਰ ਹੈ ਜ਼ਰੂਰੀ ਅਤੇ ਲੋੜੀਂਦਾ। ਇਸ ਲਈ ਇਸ ਵਿਸ਼ੇ ਤੇ ਇਹ ਲੇਖ ਦਿਤਾ ਜਾ ਰਿਹਾ ਹੈ। —ਸੰਪਾਦਕ

**ਕਾਰਕ** (Case)

**ਕਾਰਕ ਦਾ ਲੱਛਣ** (definition)

ਨਾਉਂ ਅਥਵਾ ਪੜਨਾਉਂ ਦਾ ਵਾਕ ਦੀ ਕਿਰਿਆ ਅਤੇ ਵਾਕ ਦੇ ਹੋਰਨਾਂ ਅੰਗਾਂ (Parts of speach) ਨਾਲ ਜੋ ਸੰਬੰਧ ਹੁੰਦਾ ਹੈ ਅਤੇ ਉਸ ਸੰਬੰਧ ਨੂੰ ਪ੍ਰਗਟਾਉਣ ਲਈ ਨਾਉਂ ਪੜਨਾਉਂ ਦੇ ਰੂਪ ਵਿਚ ਜੋ ਤਬਦੀਲੀ ਵਾਪਰਦੀ ਹੈ, ਅਥਵਾ ਉਸ ਨਾਲ ਕਿਸੇ ਸ਼ਬਦ ਜਾਂ ਚਿੰਨ੍ਹ ਦਾ ਕੁਝ ਵਾਧਾ ਕੀਤਾ ਜਾਂਦਾ ਹੈ, ਉਸ ਨੂੰ ਕਾਰਕ ਆਖਦੇ ਹਨ।

**ਉਦਾਹਰਣ**—ਸਤਿਗੁਰੂ ਨੇ ਜੋਗਾ ਸਿੰਘ ਨੂੰ ਪਾਪ-ਅਗਨ ਤੋਂ ਬਚਾ ਲਿਆ।

ਉਪਰੋਕਤ ਵਾਕ ਦੀ ਪਦ-ਵੰਡ ਇਸ ਪ੍ਰਕਾਰ ਹੈ :-

ਨਾਂਵ= ਸਤਿਗੁਰੂ, ਜੋਗਾ ਸਿੰਘ, ਪਾਪ-ਅਗਨ।

ਕਿਰਿਆ—ਬਚਾ ਲਿਆ। ਸੰਬੰਧਕੀ ਪਦ (ਕਾਰਕ-ਚਿੰਨ੍ਹ)—ਨੇ, ਨੂੰ, ਤੋਂ।

ਉਪਰੋਕਤ ਵਾਕ ਵਿਚ ਜੇਕਰ ਕੇਵਲ ਨਾਂਵ ਅਤੇ ਕਿਰਿਆ ਹੀ ਹੋਣ, ਭਾਵ ਸੰਬੰਧਕੀ ਪਦ (ਕਾਰਕ-ਚਿੰਨ੍ਹ) ਕੋਈ ਨਾ ਹੋਵੇ ਤਾਂ ਉਸ ਦਾ ਰੂਪ ਇਹ ਹੋਵੇਗਾ :-

ਸਤਿਗੁਰੂ ਜੋਗਾ ਸਿੰਘ ਪਾਪ ਅਗਨ ਬਚਾ ਲਿਆ।

ਨਾਂਵ ਅਤੇ ਕਿਰਿਆ ਦੇ ਇਸ ਪਰਕਾਰ ਦੇ ਸੰਗ੍ਰਹਿ ਤੋਂ ਕੋਈ ਭਾਵ ਸਪਸ਼ਟ ਨਹੀਂ ਹੁੰਦਾ ਕਿ ਉਪ੍ਰੋਕਤ ਨਾਵਾਂ ਵਿਚੋਂ ਕਿਸ ਨੇ, ਕਿਸ ਨੂੰ, ਕਿਸ ਤੋਂ ਬਚਾ ਲਿਆ। ਸੋ ਇਸ ਵਾਕ ਦੇ ਵਖ ਵਖ ਨਾਵਾਂ ਦਾ ਪਰਸਪਰ ਅਤੇ ਉਹਨਾਂ ਦਾ ਵਾਕ ਦੀ ਕਿਰਿਆ ਨਾਲ ਸੰਬੰਧ ਦਰਸਾਉਣ ਲਈ ਸੰਬੰਧਕੀ ਪਦ (ਕਾਰਕ-ਚਿੰਨ੍ਹ) 'ਨੇ', 'ਨੂੰ' ਅਤੇ 'ਤੋਂ' ਦੀ ਵਰਤੋਂ ਕੀਤੀ ਗਈ ਹੈ, ਜਿਸ ਦੇ ਫਲ-ਸਰੂਪ ਉਪਰੋਕਤ ਨਾਵਾਂ ਦੇ ਰੂਪ ਵਿਚ ਹੇਠ ਲਿਖੀ ਤਬਦੀਲੀ ਵਾਪਰੀ (ਵਾਧਾ ਹੋਇਆ) ਹੈ :-

ਸਤਿਗੁਰੂ ਨੇ ਜੋਗਾ ਸਿੰਘ ਨੂੰ ਪਾਪ-ਅਗਨ ਤੋਂ

ਸੰਬੰਧਕੀ-ਪਦ (ਕਾਰਕ-ਚਿੰਨ੍ਹ) ਲਗਣ ਤੋਂ ਬਗੈਰ ਉਪ੍ਰੋਕਤ ਸਾਰੇ ਨਾਵਾਂ ਦਾ ਆਪਸ ਵਿਚ ਅਤੇ ਵਾਕ ਦੀ ਕਿਰਿਆ ਨਾਲ ਕੋਈ ਨਿਸਚਿਤ ਸੰਬੰਧ ਨਹੀਂ ਸੀ। ਸੰਬੰਧਕੀ-ਪਦਾਂ ਦੇ ਲਗਣ ਨਾਲ ਹਰੇਕ ਨਾਂਵ ਦਾ ਕਿਰਿਆ ਨਾਲ ਓਹੋ ਜਿਹਾ ਸੰਬੰਧ ਹੋ ਗਿਆ ਹੈ ਜਿਸ ਕਿਸਮ ਦਾ ਸੰਬੰਧਕੀ-ਪਦ ਉਸ ਨਾਲ ਲਾਇਆ ਗਿਆ ਹੈ। 'ਨੇ' ਕਰਤਾ ਕਾਰਕ ਦਾ ਨਿਸਚਿਤ ਸੰਬੰਧਕੀ ਪਦ (ਕਾਰਕ-ਚਿੰਨ੍ਹ) ਹੈ ਤੇ ਇਸ ਦੇ ਲਗਣ ਕਾਰਨ 'ਸਤਿਗੁਰੂ' ਨਾਂਵ-ਸ਼ਬਦ ਕਰਤਾ-ਕਾਰਕ ਨਾਂਵ ਹੋ ਗਿਆ ਹੈ। ਇਸੇ ਤਰ੍ਹਾਂ 'ਨੂੰ' ਕਰਮ ਕਾਰਕ ਦਾ ਨਿਸਚਿਤ ਸੰਬੰਧਕੀ ਪਦ (ਕਾਰਕ-ਚਿੰਨ੍ਹ) ਹੈ ਅਤੇ ਇਸ ਦੇ ਲਗਣ ਕਾਰਨ ਜੋਗਾ ਸਿੰਘ ਨਾਂਵ-ਸ਼ਬਦ ਕਰਮ-ਕਾਰਕ ਬਣ ਗਿਆ ਹੈ। ਅਪਾਦਾਨ ਦਾ ਨਿਸਚਿਤ ਸੰਬੰਧਕੀ-ਪਦ (ਕਾਰਕ-ਚਿੰਨ੍ਹ) 'ਤੋਂ' ਲਗਣ ਨਾਲ 'ਪਾਪ-ਅਗਨ'



www.AKJ.Org

ਨਾਂਵ-ਸ਼ਬਦ ਅਪਾਦਾਨ ਕਾਰਕ ਹੋ ਗਿਆ ਹੈ।

**ਕਾਰਕ-ਚਿੰਨ੍ਹ–**

ਉਪਰੋਕਤ ਨਾਵਾਂ ਦਾ ਆਪਸ ਵਿਚ ਅਤੇ ਉਹਨਾਂ ਦਾ ਵਾਕ ਦੀ ਕਿਰਿਆ ਨਾਲ ਸੰਬੰਧ; ਜੋ ਉਹਨਾਂ ਦੇ ਰੂਪ ਵਿਚ ਤਬਦੀਲੀ (ਵਾਧੇ) ਦੁਆਰਾ ਜੁੜਿਆ ਹੈ, ਉਸ ਨੂੰ ਕਾਰਕ ਆਖਦੇ ਹਨ। ਜਿਨ੍ਹਾਂ ਚਿੰਨ੍ਹਾਂ (ਸੰਬੰਧਕੀ ਪਦਾਂ) ਦੁਆਰਾ ਇਹ ਸੰਬੰਧ ਪ੍ਰਗਟ ਹੋਇਆ ਹੈ ਉਹਨਾਂ ਨੂੰ ਕਾਰਕ-ਚਿੰਨ੍ਹ ਆਖੀਦਾ ਹੈ।

**ਕਾਰਕ-ਚਿੰਨ੍ਹਾਂ ਦੇ ਰੂਪ–**

ਕਾਰਕ-ਚਿੰਨ੍ਹ ਦੋ ਪ੍ਰਕਾਰ ਦੇ ਹਨ : (1) ਸ਼ਬਦੀ-ਚਿੰਨ੍ਹ ਅਤੇ (2) ਲਗਮਾਤ੍ਰੀ-ਚਿੰਨ੍ਹ। ਨੇ, ਨੂੰ, ਦੁਆਰਾ, ਰਾਹੀਂ, ਨਾਲ, ਵਿਚ, ਉਤੇ, ਤੋਂ, ਦਾ, ਦੇ, ਦੀ ਆਦਿ ਸ਼ਬਦੀ ਕਾਰਕ-ਚਿੰਨ੍ਹ ਹਨ ਅਤੇ ਮੁਕਤਾ, ਕੰਨਾ ( ਾ ), ਸਿਹਾਰੀ ( ਿ ), ਬਿਹਾਰੀ ( ੀ ), ਔਂਕੜ ( ੁ ), ਲਾਂ ( ੇ ), ਦੋਲਾਵਾਂ ( ੈ ), ਹੋੜਾ ( ੋ ) ਅਤੇ ਕਨੌੜਾ ( ੌ ) ਆਦਿ ਲਗਮਾਤ੍ਰੀ ਕਾਰਕ ਚਿੰਨ੍ਹ ਹਨ। ਸ਼ਬਦੀ-ਕਾਰਕ-ਚਿੰਨ੍ਹ (ਭਾਵ, ਸੰਬੰਧਕੀ-ਪਦ) ਤਾਂ ਨਾਵਾਂ ਨਾਲ ਅਡਰੇ ਰੂਪ ਵਿਚ ਆਉਂਦੇ ਹਨ, ਪਰ ਲਗ-ਮਾਤ੍ਰੀ ਕਾਰਕ ਚਿੰਨ੍ਹ ਨਾਵਾਂ ਦੇ ਨਾਲ ਹੀ ਉਹਨਾਂ ਦੇ ਅੰਤਲੇ ਅਖਰ ਨਾਲ ਸੰਮਿਲਤ ਹੋ ਕੇ ਆਉਂਦੇ ਹਨ। ਦੋਹਾਂ ਦੇ ਰੂਪ ਭਾਵੇਂ ਵਖ ਵਖ ਹਨ, ਪਰ ਦੋਵੇਂ ਰੂਪ ਇਕੋ ਹੀ ਪਰਯੋਜਨ ਦੀ ਪੂਰਤੀ ਕਰਦੇ ਹਨ।

**ਨੋਟ** :–ਸ੍ਵਰਾਂ (ਲਗਾਂ ਮਾਤ੍ਰਾਂ) ਤੋਂ ਇਲਾਵਾ ਕੁਝ ਅਖਰ ਮੁਕਤੇ ਰੂਪ ਵਿਚ ਜਾਂ ਲਘੂ ਸ੍ਵਰ ਨਾਲ (ਹ, ਨ, ਹਿ) ਵੀ ਕਾਰਕ ਚਿੰਨ੍ਹਾਂ ਦੇ ਤੌਰ ਤੇ ਵਰਤੋਂ ਵਿਚ ਆਉਂਦੇ ਹਨ। ਇਹ ਲਗਮਾਤ੍ਰੀ ਕਾਰਕ-ਚਿੰਨ੍ਹਾਂ ਦੀ ਸ਼੍ਰੇਣੀ ਵਿਚ ਹੀ ਗਿਣੇ ਜਾਂਦੇ ਹਨ।

ਅਜੋਕੀ ਪੰਜਾਬੀ ਲਿਖਤ ਅਤੇ ਬੋਲ ਚਾਲ ਵਿਚ ਸੰਬੰਧਕੀ ਪਦਾਂ (ਸ਼ਬਦੀ ਕਾਰਕ ਚਿੰਨ੍ਹਾਂ) ਦੀ ਖੁਲ੍ਹੀ ਵਰਤੋਂ ਕੀਤੀ ਜਾਂਦੀ ਹੈ, ਪਰ ਪੁਰਾਣੀ ਪੰਜਾਬੀ ਵਿਚ ਅਤੇ ਖਾਸ ਕਰਕੇ ਗੁਰਬਾਣੀ ਵਿਚ ਇਹਨਾਂ ਦੀ ਸੰਕੋਚਵੀਂ ਵਰਤੋਂ ਮਿਲਦੀ ਹੈ। ਬਹੁਤ ਕਰਕੇ ਇਹਨਾਂ ਦਾ ਕੰਮ ਲਗਮਾਤ੍ਰੀ ਕਾਰਕ-ਚਿੰਨ੍ਹਾਂ ਤੋਂ ਹੀ ਲਿਆ ਗਿਆ ਹੈ। ਇਸਦਾ ਲਾਭ ਇਹ ਸੀ ਕਿ ਥੋੜੇ ਸ਼ਬਦਾਂ ਵਿਚ ਅਤੇ ਥੋੜੀ ਥਾਂ ਵਿਚ ਬਹੁਤਾ ਕੁਝ ਲਿਖਿਆ ਜਾ ਸਕਦਾ ਸੀ।

ਉਪਰੋਕਤ ਤਥ ਨੂੰ ਸਪਸ਼ਟ ਕਰਨ ਲਈ ਉਪਰੋਕਤ ਦੋਹਾਂ ਰੂਪਾਂ ਦੀਆਂ ਉਦਾਹਰਣਾਂ ਥਲੇ ਦਿਤੀਆਂ ਜਾਂਦੀਆਂ ਹਨ :–

| **ਸ਼ਬਦੀ-ਕਾਰਕ-ਚਿੰਨ੍ਹਾਂ ਦੀ ਵਰਤੋਂ** | **ਲਗਮਾਤ੍ਰੀ ਕਾਰਕ-ਚਿੰਨ੍ਹਾ ਦੀ ਵਰਤੋਂ** |
|---|---|
| 'ਪੂਰੇ ਗੁਰੂ ਨੇ' ਮੇਰੀ ਪੈਜ ਰਖ ਲਈ। | 'ਗੁਰਿ ਪੂਰੈ' ਮੇਰੀ ਰਾਖਿ ਲਈ॥ਗੁਰਿ ਪੂਰੈ=ਪੂਰੇ ਗੁਰੂ ਨੇ।(੮੨੩) |
| ਸਾਰੇ ਜੰਤ 'ਗੋਪਾਲ ਨੂੰ' ਭਜੋ। | ਸਗਲੇ ਜੰਤ ਭਜਹੁ ਗੋਪਾਲੈ ॥ ਗੋਪਾਲੈ=ਗੋਪਾਲ ਨੂੰ। (੧੩੧੨) |
| ਮੈਂ ਸਾਧਾਂ ਦੀ ਸੰਗਤ ਵਿਚ ਇਸ 'ਮਨ ਨੂੰ' ਉਧਾਰਦਾ ਹਾਂ। | ਸਾਧ ਸੰਗਿ ਇਸੁ 'ਮਨਹਿ' ਉਧਾਰਉ ॥ ਮਨਹਿ=ਮਨ ਨੂੰ।(੮੦੪) |
| 'ਨੈਨਾਂ ਤੋਂ' (ਨਾਲ) ਠਾਕੁਰ ਦਾ ਰੰਗ ਦੇਖ। | 'ਨੈਨਹੁ' ਪੇਖੁ ਠਾਕੁਰ ਕਾ ਰੰਗੁ ॥ ਨੈਨਹੁ=ਨੈਨਾਂ ਤੋਂ। (੨੮੧) |
| 'ਕੰਨਾਂ ਦੁਆਰਾ' 'ਗੋਪਾਲ ਦਾ' ਜਸ ਸੁਣਨਾ ਚਾਹੀਦਾ ਹੈ। | 'ਕਰਨੀ' ਸੁਨੀਐ ਜਸੁ 'ਗੋਪਾਲ' ॥ ਕਰਨੀ=ਕੰਨਾਂ ਦੁਆਰਾ। ਗੋਪਾਲ=ਗੋਪਾਲ ਦਾ। (੨੯੮) |
| 'ਮਨ ਨੂੰ' ਅਨੇਕ ਤਰੰਗ ਵਿਆਪਦੇ ਹਨ। | 'ਮਨਹਿ' ਬਿਆਪਤ ਅਨਤ ਤਰੰਗਾ॥ ਮਨਹਿ=ਮਨ ਨੂੰ।(੭੫੯) |
| 'ਸੰਤਾਂ ਨੂੰ' ਅਨੇਕ ਵਾਰੀ ਪ੍ਰਣਾਮ ਹੈ। | ਅਨਿਕ ਬਾਰ 'ਸੰਤਹ' ਡੰਡਉਤ ॥ ਸੰਤਹ=ਸੰਤਾਂ ਨੂੰ। (੮੮੯) |
| 'ਪਿਰ ਦੀ ਕਹਾਣੀ' ਮਿਠੀ ਹੈ। | ਮੀਠੀ 'ਪਿਰਹਿ' ਕਹਾਨੀ ॥ ਪਿਰਹਿ=ਪਿਰ ਦੀ। (੮੩੦) |
| 'ਸਰੀਰ ਵਿਚ' ਕਰੋਧ ਚੰਡਾਲ ਵਸਦਾ ਹੈ। | ਬਸੈ ਕਰੋਧੁ 'ਸਰੀਰਿ' ਚੰਡਾਰਾ ॥ ਸਰੀਰਿ=ਸਰੀਰ ਵਿਚ। (੭੫੯) |



www.AKJ.Org

'ਹੇ ਨਾਨਕ' ! ਗੁਣਾਂ ਦੇ ਖਜ਼ਾਨੇ ਪ੍ਰਭੂ ਨੂੰ ਗਾਉਣਾ ਚਾਹੀਦਾ ਹੈ ।

'ਨਾਨਕ' ਗਾਵੀਐ ਗੁਣੀ ਨਿਧਾਨੁ ॥
ਨਾਨਕ=ਹੇ ਨਾਨਕ ! ਗੁਣੀ ਨਿਧਾਨ=ਗੁਣਾਂ ਦੇ ਖਜ਼ਾਨੇ ਨੂੰ ।(੨)

ਖਬੇ ਪਾਸੇ ਦਿਤੀਆਂ ਵਾਰਤਕ ਉਦਾਹਰਣਾਂ ਵਿਚ ਨਾਵਾਂ ਨਾਲ ਸ਼ਬਦੀ-ਕਾਰਕ ਚਿੰਨ੍ਹਾਂ ਦੀ ਵਰਤੋਂ ਕਰ ਕੇ ਜੋ ਭਾਵ ਪ੍ਰਗਟਾਇਆ ਗਿਆ ਹੈ ਓਹੋ ਭਾਵ ਸਜੇ ਪਾਸੇ ਅੰਕਿਤ ਗੁਰਬਾਣੀ ਦੀਆਂ ਪੰਗਤੀਆਂ ਵਿਚ ਨਾਵਾਂ ਨਾਲ ਲਗ-ਮਾਤ੍ਰੀ-ਕਾਰਕ-ਚਿੰਨ੍ਹਾਂ ਦੀ ਵਰਤੋਂ ਦੁਆਰਾ ਸਪਸ਼ਟ ਹੁੰਦਾ ਹੈ । ਸ਼ਬਦੀ-ਕਾਰਕ-ਚਿੰਨ੍ਹ ਨਾਵਾਂ ਨਾਲ ਵਖਰੇ ਤੌਰ ਤੇ ਲਗੇ ਹਨ, ਪਰ ਲਗ-ਮਾਤ੍ਰੀ ਕਾਰਕ-ਚਿੰਨ੍ਹ ਨਾਵਾਂ ਦੇ ਨਾਲ ਸੰਮਿਲਤ ਹਨ ।

**ਕਾਰਕ ਅਠ ਪ੍ਰਕਾਰ ਦੇ ਹਨ :–**

1. ਕਰਤਾ ਕਾਰਕ (Nominative Case) 2. ਕਰਮ ਕਾਰਕ (Accusative Case)
3. ਕਰਣ ਕਾਰਕ (Instrumental Case) 4. ਸੰਪ੍ਰਦਾਨ ਕਾਰਕ (Dative Case)
5. ਆਪਾਦਾਨ ਕਾਰਕ (Ablative Case) 6. ਸੰਬੰਧ ਕਾਰਕ (Genitive Case)
7. ਅਧਿਕਰਣ ਕਾਰਕ (Locative Case) 8. ਸੰਬੋਧਨ ਕਾਰਕ (Vocative Case)

ਹਰੇਕ ਕਾਰਕ ਦੇ ਨਿਸਚਿਤ ਕਾਰਕ-ਚਿੰਨ੍ਹ ਹਨ ।

**ਲਗਮਾਤ੍ਰੀ ਚਿੰਨ੍ਹ**–ਪੁਲਿੰਗ ਨਾਵਾਂ ਦੇ ਹੋਰ ਹਨ, ਇਸਤ੍ਰੀ ਲਿੰਗ ਨਾਵਾਂ ਦੇ ਹੋਰ । ਇਕ-ਵਚਨ ਨਾਵਾਂ ਦੇ ਹੋਰ ਹਨ, ਬਹੁ-ਵਚਨ ਨਾਵਾਂ ਦੇ ਹੋਰ । ਇਸੇ ਤਰ੍ਹਾਂ ਮੁਕਤਾ-ਅੰਤ, ਕੰਨਾ-ਅੰਤ, ਸਿਹਾਰੀ ਅੰਤ, ਬਿਹਾਰੀ ਅੰਤ, ਆਦਿ ਨਾਵਾਂ ਵਾਸਤੇ ਕਾਰਕ-ਚਿੰਨ੍ਹ ਵਖਰੇ ਵਖਰੇ ਹਨ । ਇਨ੍ਹਾਂ ਦਾ ਵੇਰਵਾ ਅਤੇ ਗੁਰਬਾਣੀ ਦੀਆਂ ਉਦਾਹਰਣਾਂ ਹਰੇਕ ਕਾਰਕ ਦੇ ਚੈਪਟਰ (chapter) ਵਿਚ ਦਿਤੀਆਂ ਜਾਣਗੀਆਂ ।

## ਗੁਰਬਾਣੀ ਵਿਚ ਕਰਤਾ ਕਾਰਕ NOMINATIVE CASE

**ਜਾਣ ਪਛਾਣ–**

ਕਰਤਾ ਦਾ ਅਰਥ ਹੈ 'ਕਰਨ ਵਾਲਾ' । ਕੀਤੇ ਗਏ ਹਰੇਕ ਕੰਮ ਦਾ ਕੋਈ ਨ ਕੋਈ ਕਰਤਾ ਜ਼ਰੂਰ ਹੁੰਦਾ ਹੈ । ਜਿਹੜਾ ਮਨੁਖ ਕੋਈ ਕੰਮ ਕਰੇ, ਉਹ ਉਸ ਕੰਮ ਦਾ ਕਰਤਾ ਹੁੰਦਾ ਹੈ ।

**ਲੱਛਣ** (Definition)

ਕਿਸੇ ਵਾਕ ਵਿਚ ਜਿਹੜਾ 'ਨਾਉਂ-ਸ਼ਬਦ' ਵਾਕ ਦੀ ਕਿਰਿਆ ਦੁਆਰਾ ਪ੍ਰਗਟਾਏ ਗਏ ਕੰਮ ਦੇ ਕਰਨ ਵਾਲਾ ਹੋਵੇ, ਉਹ ਕਰਤਾ ਕਾਰਕ ਨਾਉਂ ਹੁੰਦਾ ਹੈ; ਜਿਵੇਂ :–

1. 'ਸਤਿਗੁਰੂ' ਸਿਖ ਨੂੰ ਨਾਮ ਬਖਸ਼ਦਾ ਹੈ ।
2. ਸੱਚੇ 'ਸਿਖ' ਸੁਆਸ ਸੁਆਸ ਨਾਮ ਜਪਦੇ ਹਨ ।
3. 'ਕਲਗੀਧਰ' ਜੀ ਨੇ ਜੋਗਾ ਸਿੰਘ ਦੀ, ਹੱਥ ਦੇ ਕੇ ਪਾਪ-ਅਗਨ ਤੋਂ ਰਖਿਆ ਕੀਤੀ ।
4. ਇਸ 'ਭੁਝੰਗੀ' ਨੇ ਅਜੇ ਅੰਮ੍ਰਿਤ ਛਕਣਾ ਹੈ ।
5. 'ਵਾਹਿਗੁਰੂ' ਸਭ ਦਾ ਰਾਖਾ ਹੈ ।
6. 'ਨਾਮ-ਅਭਿਆਸੀ' ਦਰਗਾਹ ਵਿਚ ਮਾਣ ਪ੍ਰਾਪਤ ਕਰਨਗੇ ।
7. 'ਸ਼ਬਦ' ਗਜਿਆ ਤੇ 'ਭਰਮ' ਭਜਿਆ ।
8. 'ਸਿਖੀ' ਖੰਡਿਓਂ ਤਿਖੀ ।

ਉਪਰੋਕਤ ਵਾਕਾਂ ਵਿਚ ਕਰਮਵਾਰ ਆਏ ਨਾਉਂ-ਸ਼ਬਦ ਸਤਿਗੁਰੂ, ਸਿਖ, ਕਲਗੀਧਰ, ਭੁਝੰਗੀ,



www.AKJ.Org

ਵਾਹਿਗੁਰੂ, ਨਾਮ-ਅਭਿਆਸੀ, ਸ਼ਬਦ, ਭਰਮ ਅਤੇ ਸਿਖੀ, ਇਹ ਸਾਰੇ ਕਰਤਾ-ਕਾਰਕ ਨਾਂਵ ਹਨ ।

**ਨੋਟ** :–ਕਈ ਵਾਕ ਅਜਿਹੇ ਹੁੰਦੇ ਹਨ ਜਿਨ੍ਹਾਂ ਵਿਚ ਨਾਉਂ ਕਿਸੇ ਕੰਮ ਦਾ ਕਰਨ ਵਾਲਾ ਨਹੀਂ ਹੁੰਦਾ, ਕੇਵਲ ਨਾਉਂ ਦੇ ਗੁਣ ਅਉਗੁਣ ਦੀ ਚਰਚਾ ਕੀਤੀ ਹੁੰਦੀ ਹੈ ਅਤੇ 'ਨਾਉਂ' ਵਾਕ ਦਾ ਪ੍ਰਮੁਖ ਵਿਸ਼ਾ (subject) ਹੁੰਦਾ ਹੈ, ਦੇਖੋ ਉਦਾਹਰਣ ਨੰਬਰ 5 ਅਤੇ 8 । ਅਜਿਹੇ ਨਾਂਵ ਵੀ ਕਰਤਾ ਕਾਰਕ ਦੀ ਸ਼ਰੇਣੀ ਵਿਚ ਹੀ ਗਿਣੇ ਜਾਂਦੇ ਹਨ । ਇਸ ਕਿਸਮ ਦੇ ਵਾਕਾਂ ਵਿਚ 'ਪੂਰਣ ਕਿਰਿਆ' ਦੀ ਬਜਾਏ 'ਅਪੂਰਣ ਕਿਰਿਆ' ਹੀ ਹੁੰਦੀ ਹੈ । ਇਹ ਕਈ ਵਾਰ ਲੁਪਤ ਵੀ ਹੁੰਦੀ ਹੈ, ਜਿਵੇਂ ਉਦਾਹਰਣ ਨੰਬਰ 8 ਵਿਚ ।

[ਹਾਂ, ਸੀ, ਸਨ, ਹੈ, ਹਨ, ਆਦਿ 'ਅਪੂਰਣ ਕਿਰਿਆ' ਹਨ ।]

**ਕਰਤਾ-ਕਾਰਕ ਨਾਉਂ ਦੀ ਪਛਾਣ ਦੀ ਜੁਗਤੀ**–

ਵਾਕ ਵਿਚੋਂ ਕਰਤਾ-ਕਾਰਕ ਨਾਉਂ ਲਭਣ ਦਾ ਤਰੀਕਾ ਇਹ ਹੈ ਕਿ ਵਾਕ ਦੀ ਕਿਰਿਆ ਨਾਲ ਪ੍ਰਸ਼ਨ-ਵਾਚੀ ਪੜਨਾਉਂ 'ਕੌਣ' 'ਕਿਸ ਨੇ' 'ਕਿਨ੍ਹਾਂ ਨੇ' (ਕਿਰਿਆ ਦੇ ਵਚਨ ਅਤੇ ਕਾਲ ਮੁਜਬ) ਲਾ ਕੇ ਪ੍ਰਸ਼ਨ ਕੀਤਾ ਜਾਵੇ । ਜੋ ਉਤਰ ਆਵੇ, ਉਹ ਕਰਤਾ-ਕਾਰਕ ਨਾਉਂ ਹੋਵੇਗਾ । ਇਸ ਜੁਗਤੀ ਅਨੁਸਾਰ ਉਪ੍ਰੋਕਤ ਵਾਕਾਂ ਵਿਚੋਂ ਕਰਤਾ-ਕਾਰਕ ਨਾਉਂ ਲਭਣ ਦਾ ਉਪ੍ਰਾਲਾ ਕਰਦੇ ਹਾਂ :–

ਪ੍ਰਸ਼ਨ–ਕੌਣ (ਨਾਮ) ਬਖਸ਼ਦਾ ਹੈ ? ਉਤਰ–ਸਤਿਗੁਰੂ । [ਸਤਿਗੁਰੂ=ਕਰਤਾ-ਕਾਰਕ ਨਾਉਂ]
ਪ੍ਰਸ਼ਨ–ਕੌਣ ਨਾਮ ਜਪਦੇ ਹਨ ? ਉਤਰ–(ਸੱਚੇ) ਸਿਖ । [ਸਿਖ=ਕਰਤਾ-ਕਾਰਕ ਨਾਉਂ]
ਪ੍ਰਸ਼ਨ–ਕੌਣ ਮਾਣ ਪ੍ਰਾਪਤ ਕਰਨਗੇ ? ਉਤਰ–ਨਾਮ-ਅਭਿਆਸੀ । [ਨਾਮ-ਅਭਿਆਸੀ=ਕਰਤਾ-ਕਾਰਕ ਨਾਉਂ]
ਪ੍ਰਸ਼ਨ–ਕਿਸੇ ਨੇ ਰਖਿਆ ਕੀਤੀ ? ਉਤਰ–ਕਲਗੀਧਰ ਜੀ ਨੇ । [ਕਲਗੀਧਰ=ਕਰਤਾ-ਕਾਰਕ ਨਾਉਂ]
ਪ੍ਰਸ਼ਨ–ਕਿਸ ਨੇ ਅੰਮ੍ਰਿਤ ਛਕਣਾ ਹੈ ? ਉਤਰ ? ਭੁਝੰਗੀ ਨੇ । [ਭੁਝੰਗੀ=ਕਰਤਾ-ਕਾਰਕ ਨਾਉਂ]
ਪ੍ਰਸ਼ਨ–ਕੌਣ ਰਾਖਾ ਹੈ ? ਉਤਰ–ਵਾਹਿਗੁਰੂ । [ਵਾਹਿਗੁਰੂ=ਕਰਤਾ-ਕਾਰਕ ਨਾਉਂ]
ਪ੍ਰਸ਼ਨ–ਕੌਣ ਗਜਿਆ ? ਉਤਰ–ਸ਼ਬਦ । [ਸ਼ਬਦ=ਕਰਤਾ-ਕਾਰਕ ਨਾਉਂ]
ਪ੍ਰਸ਼ਨ–ਕੌਣ ਭਜਿਆ ? ਉਤਰ–ਭਰਮ । [ਭਰਮ=ਕਰਤਾ-ਕਾਰਕ ਨਾਉਂ]

**ਕਰਤਾ-ਕਾਰਕ ਦਾ ਸੰਬੰਧਕੀ ਪਦ** (Preposition)

ਕਰਤਾ-ਕਾਰਕ ਦਾ ਨਿਸਚਿਤ ਸੰਬੰਧਕੀ ਪਦ 'ਨੇ' ਹੈ, ਜੋ ਹੇਠ ਲਿਖੀਆਂ ਹਾਲਤਾਂ ਵਿਚ ਹੀ ਆਉਂਦਾ ਹੈ :–

(ੳ) ਜੇਕਰ ਵਾਕ ਦੀ ਕਿਰਿਆ ਭੂਤ-ਕਾਲ ਵਿਚ ਹੋਵੇ ਅਤੇ *ਸਕਰਮਕ (Transitive) ਵੀ ਹੋਵੇ–ਦੇਖੋ ਉਦਾਹਰਣ ਨੰ: 3.

ਕਿਰਿਆ ਭਾਵੇਂ ਭੂਤ-ਕਾਲ ਵਿਚ ਹੋਵੇ, ਪਰ ਜੇਕਰ ਸਕਰਮਕ ਨਾ ਹੋਵੇ ਤਾਂ ਸੰਬੰਧਕੀ ਪਦ 'ਨੇ' ਨਹੀਂ ਆਉਂਦਾ । ਦੂਜੇ ਪਾਸੇ ਕਿਰਿਆ ਭਾਵੇਂ ਸਕਰਮਕ ਹੋਵੇ, ਪਰ ਜੇਕਰ ਭੂਤ-ਕਾਲ ਵਿਚ ਨਾ ਹੋਵੇ ਤਾਂ ਵੀ ਸੰਬੰਧਕੀ

---

*'ਸਕਰਮਕ' ਦਾ ਭਾਵ ਹੈ ਕਰਮ ਸਹਿਤ । ਕਿਰਿਆ ਦੀਆਂ ਦੋ ਕਿਸਮਾਂ ਹਨ : 'ਅਕਰਮਕ Intransitive ਅਤੇ 'ਸਕਰਮਕ' Transitive ।

**ਅਕਰਮਕ** :–ਜੋ ਕਿਰਿਆ ਕਰਮ ਤੋਂ ਬਗ਼ੈਰ ਵਾਕ ਮੁਕੰਮਲ ਕਰੇ; ਜਿਵੇਂ–
ਸ਼ਬਦ ਗਜਿਆ । ਭਰਮ ਭਜਿਆ । ਮਨਮੁਖ ਸੁੱਤਾ ਰਿਹਾ ।

**ਸਕਰਮਕ** :–ਜਿਸ ਕਿਰਿਆ ਨੂੰ ਵਾਕ ਮੁਕੰਮਲ ਕਰਨ ਲਈ ਕਰਮ ਦੀ ਲੋੜ ਪਵੇ; ਜਿਵੇਂ :–
ਵਾਹਿਗੁਰੂ ਨੇ 'ਸ੍ਰਿਸ਼ਟੀ' ਸਾਜੀ । ਸਿਖ ਨੇ 'ਰਹਿਤ' ਰਖੀ । ਸੰਗਤ ਨੇ 'ਅਰਦਾਸ' ਕੀਤੀ ।



www.AKJ.Org

ਪਦ 'ਨੇ' ਨਹੀਂ ਆਉਂਦਾ।

ਉਪਰੋਕਤ ਉਦਾਹਰਣ ਨੰਬਰ 7 ਵਿਚ ਕਿਰਿਆ ਭੂਤ-ਕਾਲ ਦੀ ਹੈ, ਪਰ ਚੂੰਕਿ ਕਿਰਿਆ ਸਕਰਮਕ ਨਹੀਂ ਇਸ ਲਈ ਕੋਈ ਸੰਬੰਧਕੀ-ਪਦ ਨਹੀਂ ਆਇਆ। ਏਸੇ ਤਰ੍ਹਾਂ ਉਦਾਹਰਣ ਨੰਬਰ 1, 2 ਅਤੇ 3 ਵਿਚ ਕਿਰਿਆ ਸਕਰਮਕ ਹੈ, ਪਰ ਭੂਤ-ਕਾਲ ਦੀ ਨਹੀਂ, ਇਸ ਲਈ ਕੋਈ ਸੰਬੰਧਕੀ-ਪਦ ਨਹੀਂ ਆਇਆ। ਸੋ ਸਾਰ-ਸਿੱਟਾ ਇਹ ਹੈ ਕਿ ਕਰਤਾ ਕਾਰਕ ਦੇ ਸੰਬੰਧਕੀ-ਪਦ 'ਨੇ' ਆਉਣ ਲਈ ਜ਼ਰੂਰੀ ਸ਼ਰਤ ਇਹ ਹੈ ਕਿ ਕਿਰਿਆ ਭੂਤ-ਕਾਲ ਵਿਚ ਵੀ ਹੋਵੇ ਅਤੇ ਸਕਰਮਕ ਵੀ।

(ਅ) ਜੇਕਰ ਵਾਕ ਦੀ ਕਿਰਿਆ ਅਪੂਰਣ ਹੋਵੇ ਅਤੇ ਉਸ ਦਾ ਪੂਰਕ (ਪੂਰਾ ਕਰਨ ਵਾਲਾ) ਭਾਵਾਰਥ ਕਾਰਦੰਤਕ ਹੋਵੇ। ਦੇਖੋ ਉਦਾਹਰਣ ਨੰ: ੪।

**ਅਪੂਰਣ ਕਿਰਿਆ**–ਹੈ, ਹਨ, ਸੀ, ਸਨ, ਹੈਗਾ ਆਦਿ ਅਪੂਰਣ ਕਿਰਿਆ ਹਨ।

**ਭਾਵਾਰਥ ਕਾਰਦੰਤਕ**–ਧਾਤੂ ਦੇ ਪਿਛੇ 'ਨਾ' 'ਣਾ' ਲਾਣ ਨਾਲ ਜੋ ਨਾਂਵ ਬਣੇ, ਉਸਨੂੰ ਭਾਵਾਰਥਕ ਕਾਰਦੰਤਕ ਆਖਦੇ ਹਨ :–

| ਧਾਤੂ | ਭਾਵਾਰਥਕ ਕਾਰਦੰਤਕ | ਧਾਤੂ | ਭਾਵਾਰਥਕ ਕਾਰਦੰਤਕ |
|---|---|---|---|
| ਖਾ | ਖਾਣਾ | ਪੀ | ਪੀਣਾ |
| ਸਉ | ਸਉਣਾ | ਹੱਸ | ਹੱਸਣਾ |

ਅਜੋਕੀ ਪੰਜਾਬ ਬੋਲੀ ਵਿਚ ਸੰਬੰਧਕੀ ਪਦਾਂ ਦੀ ਵਰਤੋਂ ਬਹੁਤ ਵਧ ਗਈ ਹੈ, ਪਰ ਪੁਰਾਣੀ ਪੰਜਾਬੀ ਵਿਚ ਇਹਨਾਂ ਦੀ ਵਰਤੋਂ ਬਹੁਤ ਘਟ ਸੀ। ਸੰਬੰਧਕੀ ਪਦਾਂ ਦਾ ਕੰਮ ਵਧੇਰੇ ਕਰਕੇ ਲਗ-ਮਾਤ੍ਰੀ ਕਾਰਕ-ਚਿੰਨ੍ਹਾਂ ਤੋਂ ਲਿਆ ਜਾਂਦਾ ਸੀ। ਇਹ ਚਿੰਨ੍ਹ ਨਾਂਵ ਦੇ ਅੰਤਲੇ ਅਖਰ ਨਾਲ ਜੋੜੇ ਜਾਂਦੇ ਸਨ। ਇਸ ਤੱਥ ਨੂੰ ਸਪਸ਼ਟਾਉਣ ਲਈ ਕੁਝ ਉਦਾਹਰਣਾਂ ਦਿਤੀਆਂ ਜਾਂਦੀਆਂ ਹਨ :–

ਪੁਰਾਤਨ ਪੰਜਾਬੀ :– 'ਗੁਰਹਿ' ਦਿਖਾਇਓ ਲੋਇਨਾ ॥ (ਆਸਾ ਮ: ੫, ਪੰਨਾ ੪੦੭)
ਅਜੋਕੀ ਪੰਜਾਬੀ :– 'ਗੁਰੂ ਨੇ' ਅਖਾਂ ਦੁਆਰਾ (ਪ੍ਰਤੱਖ) ਦਿਖਾ ਦਿਤਾ।
ਪੁਰਾਤਨ ਪੰਜਾਬੀ :– 'ਗੁਰਿ' ਦ੍ਰਿਸਟਾਇਆ ਸਭਨੀ ਠਾਂਈ ॥੬॥ (ਮਾਰੂ ਮ: ੫, ਪੰਨਾ ੧੦੭੫)
ਅਜੋਕੀ ਪੰਜਾਬੀ :– 'ਗੁਰੂ ਨੇ' (ਵਾਹਿਗੁਰੂ) ਸਭਨਾਂ ਥਾਵਾਂ ਤੇ (ਰਵਿਆ) ਦਿਖਾ ਦਿਤਾ।

ਪੁਰਾਣੀ ਪੰਜਾਬੀ ਵਾਰਤਕ ਵਿਚ ਤਾਂ ਸੰਬੰਧਕੀ ਪਦ 'ਨੇ' ਦੀ ਵਰਤੋਂ ਕੀਤੀ ਮਿਲਦੀ ਹੈ, ਪਰ ਸਮੱਗਰ ਗੁਰਬਾਣੀ ਵਿਚ ਇਸ (ਨੇ) ਸੰਬੰਧਕੀ ਪਦ ਦੀ ਵਖਰੀ ਵਰਤੋਂ ਨਾਂਵ ਨਾਲ ਕਿਧਰੇ ਦੇਖਣ ਵਿਚ ਨਹੀਂ ਆਈ। ਇਸ ਦੀ ਥਾਵੇਂ ਨਾਵਾਂ ਨਾਲ ਸੰਮਿਲਤ ਲਗ-ਮਾਤ੍ਰੀ ਚਿੰਨ੍ਹ ਵਰਤੇ ਮਿਲਦੇ ਹਨ, ਜਿਨ੍ਹਾਂ ਦਾ ਵੇਰਵਾ ਅਗੇ ਚਲ ਕੇ ਦਿਤਾ ਗਿਆ ਹੈ।

## ਸੰਬੰਧਕੀ ਰੂਪ ਜਾ ਸੰਮਿਲਤ ਸੰਬੰਧਕੀ ਰੂਪ ਵਾਲੇ ਨਾਵਾਂ ਦੇ ਕਰਤਾ-ਕਾਰਕ ਨਾਂਵ ਹੋਣ ਬਾਰੇ ਵਿਚਾਰ–

ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਸੰਬੰਧਕ 'ਨੇ' ਨੂੰ ਕਰਤਾ ਕਾਰਕ ਦਾ ਸੰਬੰਧਕ ਕਹਿਣਾ ਗ਼ਲਤ ਹੈ। ਇਸ ਸੰਬੰਧ ਵਿਚ ਡਾ: ਹਰਕੀਰਤ ਸਿੰਘ ਜੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਿਚਾਰ ਇਸ ਪ੍ਰਕਾਰ ਹਨ :

"ਇਹ ਉਦਾਹਰਣ ਵਿਚਾਰਿਆ ਜਾਵੇ :–

ਅਧਿਆਪਕ ਨੇ ਵਿਦਿਆਰਥੀ ਨੂੰ ਕਿਤਾਬ ਦਿਤੀ।

ਅੰਗ੍ਰੇਜ਼ੀ ਵਿਆਕਰਣ ਅਨੁਸਾਰ ਅਧਿਆਪਕ ਕਰਤਾ ਹੈ ਅਤੇ 'ਵਿਦਿਆਰਥੀ' ਅਤੇ 'ਕਿਤਾਬ'



www.AKJ.Org

ਦੋਵੇਂ ਕਰਮ ਹਨ। ਪਰੰਤੂ ਕਾਰਕ-ਵਿਧਾਨ ਅਨੁਸਾਰ ਵਿਚਾਰਿਆਂ ਪੁਜ਼ੀਸ਼ਨ ਕੁਝ ਹੋਰ ਬਣਦੀ ਹੈ। 'ਕਿਤਾਬ' ਕਰਮ ਕਾਰਕ ਦਾ ਨਾਂਵ ਹੈ, 'ਵਿਦਿਆਰਥੀ' ਸੰਪਰਦਾਨ ਕਾਰਕ ਦਾ, ਅਤੇ ਅਧਿਆਪਕ ਭਾਵੇਂ ਵਿਹਾਰਕ ਕਰਤਾ ਹੈ, ਪਰ ਇਸ ਵਾਕ ਵਿਚ ਇਹ ਕਰਣ ਕਾਰਕ ਦਾ ਨਾਂਵ ਹੈ। ਵੇਖੋ ਕਿਰਿਆ 'ਦਿਤੀ' ਕਰਮ 'ਕਿਤਾਬ' ਅਨੁਸਾਰ ਹੈ, ਅਧਿਆਪਕ (ਕਰਤਾ) ਅਨੁਸਾਰ ਨਹੀਂ। ਜਿਹੜੇ ਵਾਕ ਵਿਚ ਕਿਰਿਆ ਕਰਮ ਅਨੁਸਾਰ ਹੋਵੇ, ਉਸ ਦਾ ਵਿਹਾਰਕ ਕਰਤਾ (ਜੋ ਕਿਰਿਆ ਕਰਦਾ ਹੈ) ਕਰਣ ਕਾਰਕ ਦੇ ਰੂਪ ਵਿਚ ਹੁੰਦਾ ਹੈ। **ਸੰਬੰਧਕ 'ਨੇ' ਨੂੰ ਕਰਤਾ-ਕਾਰਕ ਦਾ ਸੰਬੰਧਕ ਕਹਿਣਾ ਗ਼ਲਤ ਹੈ**, ਇਹ ਕਰਣ ਕਾਰਕ ਦਾ ਸੰਬੰਧਕ ਹੈ, ਇਸ ਦੇ ਅਰਥ ਹਨ 'ਦੁਆਰਾ' (ਅੰਗ੍ਰੇਜ਼ੀ by)। ਇਸ ਵਾਕ ਦਾ ਵਿਆਕਰਣਿਕ ਵਿਸ਼ਲੇਸ਼ਣ ਇਂਵ ਹੋਵੇਗਾ :–

'ਅਧਿਆਪਕ ਦੁਆਰਾ ਵਿਦਿਆਰਥੀ ਨੂੰ ਕਿਤਾਬ ਦਿਤੀ ਗਈ।' ਗੁਰਬਾਣੀ ਵਿਚ ਸੰਬੰਧਕ 'ਨੇ' ਨਹੀਂ ਵਰਤਿਆ ਗਿਆ, ਪਰ ਕਰਣ ਕਾਰਕ ਵਾਲੇ ਨਾਂਵ ਆਮ ਆਏ ਹਨ, ਇਸ ਲਈ ਇਹ ਨੁਕਤਾ ਖ਼ਾਸ ਅਹਿਮੀਅਤ ਵਾਲਾ ਹੈ। ਵੇਖੋ : ਨਾਨਕ ਗੁਰੁ ਗੋਵਿੰਦੁ ਜਿਸੁ ਤੂਠਾ ॥ (੮੮੮)

ਇਸ ਤੁਕ ਵਿਚ 'ਗੁਰੁ' ਕਰਤਾ-ਕਾਰਕ ਨਾਂਵ ਹੈ, ਇਸ ਲਈ ਰਾਰੇ ਅਖਰ ਨੂੰ ਔਂਕੜ ਲਗਾ ਹੋਇਆ ਹੈ। ਪਰ :– ਕਹੁ ਕਬੀਰ ਗੁਰਿ ਸੋਝੀ ਪਾਈ ॥ (੩੨੬)

ਤੁਕ ਵਿਚ ਕਿਰਿਆ 'ਪਾਈ' ਕਰਮ (ਸੋਝੀ) ਅਨੁਸਾਰ ਹੈ, ਸੋ ਇਹ ਕਰਮਵਾਚ ਵਾਲਾ ਵਾਕ ਹੈ, ਜਿਸ ਦਾ ਵਿਹਾਰਕ ਕਰਤਾ ਸਦਾ ਕਰਣ ਕਾਰਕ ਵਿਚ ਹੁੰਦਾ ਹੈ। ਏਸੇ ਕਾਰਨ ਏਥੇ 'ਗੁਰਿ' ਦੇ ਰਾਰੇ ਨੂੰ ਸਿਹਾਰੀ ਹੈ। ਇਂਵ 'ਗੁਰੁ' (ਔਂਕੜ ਨਾਲ) ਕਰਤਾ ਕਾਰਕ ਦਾ ਰੂਪ ਹੈ ਅਤੇ 'ਗੁਰਿ' (ਸਿਹਾਰੀ ਸਹਿਤ) ਕਰਣ ਕਾਰਕ ਦਾ। ਇਹ ਅੰਤਰ ਬਹੁ-ਵਚਨ ਵਿਚ ਵੀ ਕਾਇਮ ਹੈ। ਵੇਖਿਆ ਜਾਵੇ :

ਜੇ ਸਉ 'ਚੰਦਾ' ਉਗਵਹਿ ਸੂਰਜ ਚੜਹਿ ਹਜਾਰ ॥ (੪੬੩)

ਏਥੇ 'ਚੰਦਾ' ਤੇ ਸੂਰਜ ਕਰਤਾ ਕਾਰਕ ਦੇ ਰੂਪ ਹਨ। ਚੰਦ ਦਾ ਬਹੁ-ਵਚਨ 'ਚੰਦਾ' ਬਣਿਆ ਹੈ, ਕੰਨੇ ਉਤੇ ਬਿੰਦੀ ਨਹੀਂ। ਪਰ :

ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ (੪੧੭)

ਏਥੇ ਕਿਰਿਆ (ਗਵਾਈਆ) ਕਰਮ (ਸੁਰਤਿ) ਅਨੁਸਾਰ ਹੈ। ਵਾਕ ਕਰਮ-ਵਾਚ ਵਿਚ ਹੈ, ਅਤੇ ਕਰਤਾ 'ਸਾਹਾਂ' ਕਰਣ ਕਾਰਕ ਵਿਚ ਇਸ ਲਈ 'ਸਾਹਾਂ' (ਨਾਸਿਕਤਾ ਸਹਿਤ) ਬਣਿਆ ਹੈ। ਜੇ ਇਹ ਕਰਤਾ ਕਾਰਕ ਵਿਚ ਹੁੰਦਾ ਤਾਂ ਸਾਹ' ਤੋਂ ਬਹੁ-ਵਚਨ ਸਾਹਾ ਹੀ ਬਣਨਾ ਸੀ।''

(ਸਿੰਘ ਸਭਾ ਪਤ੍ਰਿਕਾ ਮਹੀਨਾ ਅਕਤੂਬਰ--ਨਵੰਬਰ ੧੯੮੧, ਪੰਨਾ ੨੮-੨੯)

ਵਿਦਵਾਨ ਲੇਖਕ ਦੇ ਉਪਰੋਕਤ ਵਿਚਾਰ ਦਾ ਸਾਰ-ਸਿੱਟਾ ਇਹ ਹੈ ਕਿ *'ਸੰਬੰਧਕੀ ਰੂਪ ਵਾਲਾ ਨਾਂਵ ਕਰਤਾ ਕਾਰਕ ਵਿਚ ਨਹੀਂ ਹੋ ਸਕਦਾ। ਇਸ ਦਾ ਕਾਰਨ ਇਹ ਦਸਿਆ ਗਿਆ ਹੈ ਕਿ ਅਜਿਹੇ ਵਾਕਾਂ ਵਿਚ 'ਕਿਉਂਕਿ ਵਾਕ ਦੀ ਕਿਰਿਆ ਕਰਮ ਅਨੁਸਾਰ ਹੁੰਦੀ ਹੈ ਇਸ ਲਈ ਇਸ ਦਾ ਵਿਹਾਰਕ ਕਰਤਾ ਕਰਣ ਕਾਰਕ ਵਿਚ ਹੁੰਦਾ ਹੈ।'

ਉਪਰੋਕਤ ਦ੍ਰਿਸ਼ਟੀ–ਕੋਣ ਗੁਰਬਾਣੀ ਦੀ ਲਗਮਾਤ੍ਰੀ ਨਿਯਮਾਵਲੀ ਦੀ ਰੋਸ਼ਨੀ ਵਿਚ ਪਰਖਿਆਂ ਪੂਰਾ ਨਹੀਂ ਉਤਰਦਾ। ਇਸ ਸੰਬੰਧ ਵਿਚ ਕੁਝ ਤਥ ਥਲੇ ਦਿਤੇ ਜਾਂਦੇ ਹਨ :–

---

*1. ਨਾਂਵ ਦਾ ਸੰਬੰਧਕੀ ਰੂਪ :—ਜਿਸ ਹਾਲਤ ਵਿਚ ਨਾਂਵ ਨਾਲ ਕੋਈ ਸੰਬੰਧਕੀ ਪਦ ਆਵੇ।



www.AKJ.Org

(ੲ) ਜਦੋਂ ਨਾਂਵ ਦੇ ੦[2]ਸਾਧਾਰਨ ਰੂਪ ਵਾਲੇ ਵਾਕ ਵਿਚ ਕਰਤਾ ਕਾਰਕ ਦੀ ਹੋਂਦ ਸਿਧ ਹੁੰਦੀ ਹੈ ਤਾਂ ਫਿਰ *[1]ਸੰਬੰਧਕੀ-ਰੂਪ ਵਾਲੇ ਵਾਕ ਵਿਚ ਇਸ ਦੀ ਹੋਂਦ ਤੋਂ ਇਨਕਾਰ ਕਿਵੇਂ ਕੀਤਾ ਜਾ ਸਕਦਾ ਹੈ। ਕਰਤਾ ਹਰ ਹਾਲਤ ਵਿਚ ਕਰਤਾ ਹੀ ਰਹਿੰਦਾ ਹੈ, ਵਾਕ ਭਾਵੇਂ ਕਿਸੇ ਕਿਸਮ ਦਾ ਹੋਵੇ। ਇਸ ਤੱਥ ਨੂੰ ਉਦਾਹਰਣ ਦੇ ਕੇ ਸਪਸ਼ਟ ਕੀਤਾ ਜਾਂਦਾ ਹੈ।

**ਉਦਾਹਰਣ ਨੰ:** ੧–'ਗੁਰਸਿਖ' ਨਿਤਨੇਮ ਕਰਦਾ ਹੈ।

ਡਾਕਟਰ ਹਰਕੀਰਤ ਸਿੰਘ ਜੀ ਖ਼ੁਦ ਮੰਨਦੇ ਹਨ ਕਿ ਇਸ ਵਾਕ ਵਿਚ 'ਗੁਰਸਿਖ' ਕਰਤਾ ਕਾਰਕ ਨਾਂਵ ਹੈ। ਇਸ ਵਾਕ ਦੀ ਕਿਰਿਆ ਵਰਤਮਾਨ ਕਾਲ ਵਿਚ ਹੈ।

ਨੋਟ :--ਵਰਤਮਾਨ ਕਾਲ ਅਤੇ ਭਵਿਖਤ ਕਾਲ ਵਾਲੇ ਵਾਕਾਂ ਵਿਚ ਕਰਤਾ ਕਾਰਕ ਨਾਂਵ ਨਾਲ ਕੋਈ ਸੰਬੰਧਕੀ ਪਦ ਨਹੀਂ ਹੁੰਦਾ।

**ਉਦਹਾਰਣ ਨੰ:** ੨–ਗੁਰਸਿਖ ਨੇ ਨਿਤਨੇਮ ਕੀਤਾ।

ਉਦਾਹਰਣ ਨੰ: ੧ ਅਤੇ ਉਦਾਹਰਣ ਨੰ: ੨ ਵਾਲੇ ਵਾਕਾਂ ਵਿਚ ਫ਼ਰਕ ਕੇਵਲ ਕਿਰਿਆ ਦੇ ਕਾਲ ਦਾ ਹੀ ਹੈ। ਪਹਿਲੇ ਵਾਕ ਦੀ ਕਿਰਿਆ ਵਰਤਮਾਨ ਕਾਲ ਵਿਚ ਹੈ ਅਤੇ ਦੂਜੇ ਦੀ ਭੂਤ ਕਾਲ ਵਿਚ।

ਸਵਾਲ ਉਠਦਾ ਹੈ ਕਿ ਜੇਕਰ ਵਰਤਮਾਨ ਕਾਲ ਦੀ ਕਿਰਿਆ ਵਾਲੇ ਵਾਕ ਵਿਚ ਕਿਰਿਆ ਦੇ ਕਰਨ ਵਾਲੇ ਨਾਂਵ ਦਾ ਕਾਰਕ 'ਕਰਤਾ-ਕਾਰਕ' ਹੈ ਤਾਂ ਓਸੇ ਵਾਕ ਦੀ ਭੂਤ ਕਾਲ ਦੀ ਕਿਰਿਆ ਵਾਲੇ ਵਾਕ ਵਿਚ ਕਿਰਿਆ ਦੇ ਕਰਨ ਵਾਲੇ ਨਾਂਵ ਦਾ ਕਾਰਕ ਕਰਤਾ ਕਾਰਕ ਦੀ ਬਜਾਏ ਕਰਣ ਕਾਰਕ ਕਿਉਂ ?

ਡਾਕਟਰ ਹਰਕੀਰਤ ਸਿੰਘ ਜੀ ਦਾ ਕਥਨ ਹੈ ਕਿ ਚੂੰਕਿ ਇਸ ਵਾਕ ਦੀ ਕਿਰਿਆ ਕਰਮ ਅਨੁਸਾਰ ਹੈ, ਇਸ ਦਾ ਵਿਵਹਾਰਕ ਕਰਤਾ ਕਰਣ ਕਾਰਕ ਵਿਚ ਹੋ ਸਕਦਾ ਹੈ, ਕਰਤਾ ਕਾਰਕ ਵਿਚ ਨਹੀਂ। ਇਹ ਦਲੀਲ ਥੋਦੀ ਹੈ। ਪੰਜਾਬੀ ਬੋਲੀ ਦਾ ਇਹ ਵਿਆਪਕ ਨਿਯਮ ਹੈ ਕਿ ਸੰਬੰਧਕੀ ਰੂਪ ਵਾਲੇ ਵਾਕਾਂ ਵਿਚ ਕਿਰਿਆ ਕਰਮ ਅਨੁਸਾਰ ਹੀ ਹੁੰਦੀ ਹੈ, ਭਾਵੇਂ ਕਰਕ ਕੋਈ ਹੋਵੇ, ਜਿਵੇਂ :–

| | |
|---|---|
| ਗੁਰਸਿਖ ਨੇ ਬਾਣੀ ਪੜ੍ਹੀ। | (ਕਰਤਾ ਕਰਕ) |
| ਗੁਰਸਿਖ ਰਾਹੀਂ ਸੋਝੀ ਮਿਲੀ ਕਿ ਨਾਮ ਸਭ ਦੇਵਾਂ ਦਾ ਦੇਵ ਹੈ। | (ਕਰਣ ਕਾਰਕ) |
| ਗੁਰਸਿਖ ਨੂੰ ਸਿਖੀ-ਦਾਤ ਮਿਲੀ। | (ਸੰਪ੍ਰਦਾਨ) |
| ਗੁਰਸਿਖ ਤੋਂ ਨਿਰਮਲ ਪ੍ਰੇਰਨਾ ਮਿਲੀ। | (ਅਪਾਦਾਨ) |
| ਗੁਰਸਿਖਾਂ ਵਿਚ ਸਤਿਗੁਰੂ ਆਪ ਵਰਤਦਾ ਹੈ। | (ਅਧਿਕਰਣ) |
| ਗੁਰਸਿਖ ਦੀ ਹਥ ਥਾਂ ਸੋਭਾ ਹੁੰਦੀ ਹੈ। | (ਸੰਬੰਧ) |

(ਅ) ਕਰਤਾ-ਕਾਰਕ ਨਾਂਵ ਕਿਰਿਆ ਦੇ ਕਰਨ ਵਾਲੇ ਦਾ ਸੂਚਕ ਹੁੰਦਾ ਹੈ, ਜਦ ਕਿ ਕਰਣ ਕਾਰਕ ਨਾਂਵ ਉਸ ਸਾਧਨ ਦਾ ਸੂਚਕ ਹੁੰਦਾ ਹੈ ਜਿਸ ਦੁਆਰਾ ਕਰਤਾ ਕੋਈ ਕੰਮ ਕਰਦਾ ਹੈ। ਕਰਤਾ ਕਾਰਕ ਦਾ ਨਿਸਚਿਤ ਸੰਬੰਧਕੀ-ਪਦ 'ਨੇ' ਹੈ, ਜਦ ਕਿ ਕਰਣ ਕਾਰਕ ਦਾ ਸੰਬੰਧਕੀ-ਪਦ 'ਦੁਆਰਾ' ਹੈ। ਇਹ ਦੋਵੇਂ ਸੰਬੰਧਕੀ-ਪਦ ਵਖਰੇ ਵਖਰੇ ਭਾਵ ਪ੍ਰਗਟਾਉਣ ਲਈ ਵਰਤੇ ਜਾਂਦੇ ਹਨ; "ਨੇ' ਕਿਰਿਆ ਦੇ ਕਰਤੇ ਵਲ ਸੰਕੇਤ ਕਰਦਾ ਹੈ, ਜਦ ਕਿ 'ਦੁਆਰਾ' ਉਸ਼ ਸਾਧਨ ਵਲ ਸੰਕੇਤ ਕਰਦਾ ਹੈ, ਜਿਸ ਦੀ ਸਹਾਇਤਾ ਨਾਲ ਕਰਤੇ ਨੇ ਕੋਈ ਕਿਰਿਆ ਕੀਤੀ ਹੋਵੇ, ਜਿਵੇ :–

---

c2. ਨਾਂਵ ਦਾ ਸਾਧਾਰਨ ਰੂਪ :—ਜਿਸ ਹਾਲਤ ਵਿਚ ਕੋਈ ਸੰਬੰਧਕੀ ਪਦ ਜਾਂ ਕਾਰਕ-ਚਿੰਨ੍ਹ ਨਾਂਵ ਨਾਲ ਨਾ ਲਗਾ ਹੋਵੇ।

*1. ਪਿਛਲੇ ਸਫ਼ਾ ੨੫ ਦਾ ਫੁਟ ਨੋਟ ਵੇਖੋ।



www.AKJ.Org

(i) ਗੁਰੂ ਨੇ ਸ਼ਬਦ ਦੁਆਰਾ ਸਿਖ ਦੇ ਭਰਮ-ਛੇੜ ਕਟ ਦਿਤੇ।

(ii) ਗੁਰੂ ਦੀ ਥਾਪਣਾ ਦੁਆਰਾ ਭਾ: ਬਚਿਤਰ ਸਿੰਘ ਨੇ ਮਸਤ ਹਾਥੀ ਦੇ ਛੱਕੇ ਛੁਡਾ ਦਿਤੇ।

ਉਦਾਹਰਣ ਨੰ: (i) ਵਿਚ ਸੰਬੰਧਕੀ-ਪਦ 'ਨੇ' ਵਾਕ ਦੇ ਕਰਤੇ 'ਗੁਰੂ' ਵਲ ਸੰਕੇਤ ਕਰਦਾ ਹੈ, ਜਦ ਕਿ ਸੰਬੰਧਕੀ-ਪਦ 'ਦੁਆਰਾ' ਉਸ ਸਾਧਨ (ਸ਼ਬਦ) ਵਲ ਸੰਕੇਤ ਕਰਦਾ ਹੈ, ਜਿਸ ਨਾਲ ਵਾਕ ਦੇ ਕਰਤੇ ਨੇ ਭਰਮ-ਛੇੜ ਕਟੇ।

ਏਸੇ ਤਰ੍ਹਾਂ ਉਦਾਹਰਣ ਨੰ: (ii) ਵਿਚ ਸੰਬੰਧਕੀ-ਪਦ 'ਨੇ' ਵਾਕ ਦੇ ਕਰਤੇ 'ਭਾਈ ਬਚਿਤਰ ਸਿੰਘ' ਵਲ ਸੰਕੇਤ ਕਰਦਾ ਹੈ ਅਤੇ ਸੰਬੰਧਕੀ-ਪਦ 'ਦੁਆਰਾ' ਉਸ ਸਾਧਨ (ਥਾਪਣਾ) ਵਲ ਸੰਕੇਤ ਕਰਦਾ ਹੈ, ਜਿਸ ਦੇ ਤੁਫ਼ੈਲ ਕਰਤੇ (ਭਾ: ਬਚਿਤਰ ਸਿੰਘ) ਨੇ ਮਸਤ ਹਾਥੀ ਦੇ ਛੱਕੇ ਛੁਡਾ ਦਿਤੇ।

(ੲ) ਕਰਤਰੀ ਵਾਚ (Active voice) ਵਿਚ ਗੱਲ ਕੀਤਿਆਂ ਕਰਤਾ ਕਾਰਕ ਨਾਂਵ ਦੀ ਤੁਰਤ ਪਛਾਣ ਹੋ ਜਾਂਦੀ ਹੈ। ਡਾਕਟਰ ਹਰਕੀਰਤ ਸਿੰਘ ਜੀ ਨੇ ਉਦਾਹਰਣ ਦੇ ਤੌਰ ਤੇ ਜਿਹੜਾ ਵਾਕ ਲਿਆ ਹੈ [ਅਧਿਆਪਕ ਨੇ ਵਿਦਿਆਰਥੀ ਨੂੰ ਕਿਤਾਬ ਦਿਤੀ] ਉਸ ਦਾ ਸ਼ੁਧ ਵਿਆਕਰਣਿਕ ਵਿਸ਼ਲੇਸ਼ਣ ਉਹ ਉਸ ਦੇ ਕਰਮਨੀ ਰੂਪ [ਅਧਿਆਪਕ ਦੁਆਰਾ ਵਿਦਿਆਰਥੀ ਨੂੰ ਕਿਤਾਬ ਦਿਤੀ ਗਈ] ਵਿਚ ਦਿੰਦੇ ਹਨ।

ਅਜਿਹੇ ਵਾਕਾਂ ਨੂੰ ਕਰਮਨੀ ਵਾਚ ਵਿਚ ਬਦਲਿਆਂ ਓਪਰੀ ਨਜ਼ਰ ਨਾਲ ਤਾਂ ਭਾਵੇਂ ਉਹਨਾਂ ਵਿਚ ਕਰਣ ਕਾਰਕ ਦੀ ਝਲਕ ਭਾਸਦੀ ਹੈ, ਪਰ ਵਾਸਤਵ ਵਿਚ ਅਜਿਹਾ ਨਹੀਂ ਹੁੰਦਾ। ਸਪਸ਼ਟ ਕਰਨ ਲਈ ਉਦਾਹਰਣ ਦਿਤੀ ਜਾਂਦੀ ਹੈ :–

ਕਰਤਰੀ ਵਾਚ : ਚਿਤਰਕਾਰ ਨੇ ਚਿਤਰ ਬਣਾਇਆ। [ਚਿਤਰਕਾਰ=ਕਰਤਾ ਕਾਰਕ]

ਕਰਮਨੀ ਵਾਚ : ਚਿਤਰਕਾਰ ਦੁਆਰਾ (ਵਲੋਂ) ਚਿਤਰ ਬਣਾਇਆ ਗਿਆ।

ਕਰਮਨੀ ਵਾਚ ਵਾਲੇ ਵਾਕ ਵਿਚ ਵੀ ਚਿਤਰ ਦਾ ਕਰਤਾ ਚਿਤਰਕਾਰ ਹੀ ਹੈ। ਇਸ ਤੱਥ ਨੂੰ ਸਪਸ਼ਟ ਕਰਨ ਲਈ ਉਪਰੋਕਤ ਵਾਕ ਨੂੰ ਵਧੇਰੇ ਸਪਸ਼ਟ ਕਰਦੇ ਹਾਂ :–

ਕਰਤਰੀ ਵਾਚ : ਚਿਤਰਕਾਰ ਨੇ ਬੁਰਸ਼ ਨਾਲ ਚਿਤਰ ਬਣਾਇਆ।

[ਚਿਤਰਕਾਰ=ਕਰਤਾ ਕਾਰਕ। ਬੁਰਸ਼=ਕਰਣ ਕਾਰਕ]

ਕਰਮਨੀ ਵਾਚ : ਚਿਤਰਕਾਰ ਦੁਆਰਾ (ਵਲੋਂ) ਬੁਰਸ਼ ਨਾਲ ਚਿਤਰ ਬਣਾਇਆ ਗਿਆ।

[ਚਿਤਰਕਾਰ=ਕਰਤਾ ਕਾਰਕ। ਬੁਰਸ਼=ਕਰਣ ਕਾਰਕ]

(ਸ) ਆਪਣੀ ਮਨੌਤ ਨੂੰ ਸਿਧ ਕਰਨ ਲਈ ਡਾਕਟਰ ਸਾਹਿਬ ਕਰਤਰੀ-ਵਾਚ ਵਿਚ ਗੱਲ ਕਰਨ ਦੀ ਬਜਾਏ ਕਰਮਨੀ ਵਾਚ ਵਿਚ ਗੱਲ ਕਰਨ ਨੂੰ ਤਰਜੀਹ ਦੇਂਦੇ ਹਨ, ਪਰ ਇੰਜ ਕਰਨ ਨਾਲ ਵੀ ਅਸਲੀਅਤ ਵਿਚ ਕੋਈ ਤਬਦੀਲੀ ਨਹੀਂ ਆਉਂਦੀ, ਜਿਹਾ ਕਿ ਉਪਰੋਕਤ ਪੈਰਾ (ੲ) ਵਿਚ ਉਦਾਹਰਣ ਦੇ ਕੇ ਸਪਸ਼ਟ ਕੀਤਾ ਗਿਆ ਹੈ। ਵਾਕ ਵਿਚ ਜਿਹੜਾ ਨਾਂਵ ਕੰਮ ਕਰਨ ਵਾਲੇ ਦਾ ਸੂਚਕ ਹੁੰਦਾ ਹੈ ਉਹ ਹਰ ਹਾਲਤ ਵਿਚ ਕਰਤਾ ਕਾਰਕ ਹੁੰਦਾ ਹੈ। ਫਿਰ ਜਿਹੜੀ ਗੱਲ ਕਰਤਰੀ ਵਾਚ (Active voice) ਵਿਚ ਸੁਹਜ ਸਵਾਦ ਨਾਲ ਕੀਤੀ ਜਾ ਸਕਦੀ ਹੈ ਉਹ ਕਰਮਨੀ ਵਾਚ (passive voice) ਵਿਚ ਕੀਤਿਆਂ ਓਪਰੀ ਅਤੇ ਬੇ-ਸਵਾਦੀ ਜਿਹੀ ਲਗਦੀ ਹੈ, ਜਿਹਾ ਕਿ ਹੇਠ ਲਿਖੀਆਂ ਉਦਾਹਰਣਾਂ ਤੋਂ ਪਰਗਟ ਹੈ :–

ਮੂਲ ਤੁਕ : ਪ੍ਰਭਿ ਰਾਖੀ ਪੈਜ ਵਧੀ ਵਾਧਾਈ ॥੪॥੫॥ (੩੭੧)

ਕਰਤਰੀ ਵਾਚ ਵਿਚ ਅਰਥ : ਪ੍ਰਭੂ ਨੇ ਪੈਜ ਰਖੀ, ਚੜ੍ਹਦੀ ਕਲਾ ਹੋਈ।

ਕਰਮਨੀ ਵਾਚ ਵਿਚ ਅਰਥ : ਪ੍ਰਭ ਵਲੋਂ ਪੈਜ ਰਖੀ ਗਈ, ਚੜ੍ਹਦੀ ਕਲਾ ਹੋਈ।

ਮੂਲ ਤੁਕ : ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ ॥੧॥੪੧॥ (੧੦੬)



www.AKJ.org

ਕਰਤਰੀ ਵਾਚ ਵਿਚ ਅਰਥ : ਪਾਰਬ੍ਰਹਮ ਪ੍ਰਭੂ ਨੇ ਮੀਂਹ ਭੇਜਿਆ।

ਕਰਮਨੀ ਵਾਚ ਵਿਚ ਅਰਥ : ਮੀਂਹ ਪਾਰਬ੍ਰਹਮ ਪ੍ਰਭੂ ਵਲੋਂ ਭੇਜਿਆ ਗਿਆ।

ਮੂਲ ਤੁਕ : ਹਮ ਅਪਤਹ ਅਪੁਨੀ ਪਤਿ ਖੋਈ ॥ ਹਮਰੈ ਖੋਜਿ ਪਰਹੁ ਮਤਿ ਕੋਈ ॥੧॥ (੩੨੪)

ਕਰਤਰੀ ਵਾਚ ਵਿਚ ਅਰਥ : ਅਸਾਂ ਬੇਪਤਿਆਂ ਨੇ ਆਪਣੀ ਇਜ਼ਤ ਗਵਾਈ ਹੋਈ ਹੈ, ਸਾਡੇ ਪੈਰ-ਚਿੰਨ੍ਹਾਂ ਤੇ ਕੋਈ ਨਾ ਚਲੇ।

ਕਰਮਨੀ ਵਾਚ ਵਿਚ ਅਰਥ : ਅਸਾਂ ਬੇਪਤਿਆਂ ਵਲੋਂ ਆਪਣੀ ਇਜ਼ਤ ਗਵਾਈ ਗਈ ਹੈ......

ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਕਰਤਰੀ ਵਾਚ ਵਿਚ ਗੱਲ ਕਰਨ ਨਾਲ ਨੱਕ ਨੂੰ ਸਿੱਧਾ ਤੇ ਸੁਖੈਨ ਹੱਥ ਲਾਇਆ ਜਾ ਸਕਦਾ ਹੈ, ਪਰ ਕਰਮਨੀ ਵਾਚ ਵਿਚ ਗੱਲ ਕਰਦਿਆਂ, ਨੱਕ ਨੂੰ ਹੱਥ ਵਲਾਅ ਕੇ ਕਸ਼ਟ ਨਾਲ ਲਾਉਣ ਵਾਲੀ ਗੱਲ ਹੈ। ਕਿਰਿਆ ਦਾ ਕਰਤਾ ਹਰ ਹਾਲਤ ਵਿਚ ਕਰਤਾ ਹੀ ਰਹਿੰਦਾ ਹੈ, ਭਾਵੇਂ ਵਾਕ ਕਰਤਰੀ ਵਿਚ ਹੋਵੇ ਜਾਂ ਕਰਮਨੀ ਵਾਚ ਵਿਚ।

(ਹ) ਨਾਉਂ ਅਤੇ ਪੜਨਾਉਂ ਦੋਹਾਂ ਲਈ ਕਾਰਕ ਨਿਯਮ ਇਕ-ਸਾਰ ਹਨ। ਜਦੋਂ ਵਾਕ ਦੀ ਕਿਰਿਆ ਭੂਤ ਕਾਲ ਵਿਚ ਹੋਵੇ ਅਤੇ ਸਕਰਮਕ ਹੋਵੇ ਤਾਂ ਕਰਤਾ-ਕਾਰਕ ਨਾਉਂ ਅਥਵਾ ਪੜਨਾਉਂ ਨਾਲ ਸੰਬੰਧਕੀ ਪਦ 'ਨੇ' ਜਾਂ ਇਸ ਦੀ ਥਾਵੇਂ ਕਰਤਾ-ਕਾਰਕ ਦਾ ਲਗਮਾਤ੍ਰੀ ਕਾਰਕ-ਚਿੰਨ੍ਹ ਜ਼ਰੂਰ ਆਉਂਦਾ ਹੈ।

(ਕ) ਨਿਸਚੇ-ਵਾਚਕ ਪੜਨਾਉਂ, ਸੰਬੰਧ-ਵਾਚਕ ਪੜਨਾਉਂ ਅਤੇ ਪ੍ਰਸ਼ਨ-ਵਾਚੀ ਪੜਨਾਉਂ ਇਹ ਪੜਨਾਉਂ ਦੀਆਂ ਸ਼੍ਰੇਣੀਆਂ ਵਿਚੋਂ ਹਨ। ਇਹਨਾਂ ਪੜਨਾਵਾਂ ਦਾ ਕਰਤਾ ਕਾਰਕ ਰੂਪ 'ਕਰਣ ਕਾਰਕ' ਰੂਪ ਤੋਂ ਵਖਰਾ ਤੇ ਨਵੇਕਲਾ ਹੈ, ਭਾਵੇਂ ਦੋਹਾਂ ਹਾਲਤਾਂ ਵਿਚ ਵਾਕਾਂ ਦੀ ਕਿਰਿਆ ਕਰਮ ਅਨਸਾਰੀ ਹੈ।

### (੧) ਨਿਸਚੇ-ਵਾਚਕ ਪੜਨਾਉਂ (ਉਹ, ਇਹ)

**ਕਰਤਾ ਕਾਰਕ–**

ਇਕ ਵਚਨ (i) ਸਾਧਾਰਨ ਰੂਪ = ਉਹੁ, ਇਹੁ

(ii) ਸੰਬੰਧਕੀ ਰੂਪ = ਉਨਿ, ਇਨਿ

ਉਦਾਹਰਣ (i) ਉਨਿ ਮੋਹੇ ਬਹੁਤੇ ਬ੍ਰਹਮੰਡ ॥੩॥ ਉਨਿ=ਉਸ ਨੇ। (੮੯੨)

(ii) ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥੩॥ ਉਨਿ=ਉਸ ਨੇ। (੬੫੪)

(iii) ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥੩॥ ਇਨਿ=ਇਸ ਨੇ। (੫੯੮)

**ਕਰਣ ਕਾਰਕ–**

ਇਕ ਵਚਨ (ਉਤੁ, ਇਤੁ)

ਉਦਾਹਰਣ (I) ਉਤੁ ਭੁਖੈ ਖਾਇ ਚਲੀਅਹਿ ਦੂਖ ॥ ਉਤੁ–ਉਸ ਨਾਲ। (੯)

(II) ਇਤੁ ਸੰਗਤਿ ਨਾਹੀ ਮਰਨਾ ॥ ਇਤੁ–ਇਸ ਨਾਲ। (੯੨)

### (੨) ਸੰਬੰਧ-ਵਾਚਕ ਪੜਨਾਉਂ/ਪ੍ਰਸ਼ਨ-ਵਾਚੀ ਪੜਨਾਉਂ

**ਕਰਤਾ ਕਾਰਕ–**

ਇਕ ਵਚਨ = ਜਿਨਿ, ਜਿਨਹਿ; ਤਿਨਿ, ਤਿਨਹਿ; ਕਿਨਿ, ਕਿਨੈ।

ਉਦਾਹਰਣ (I) 'ਜਿਨਿ' 'ਜਿਨਿ' ਕੀਨੀ ਮੇਰੇ ਗੁਰ ਕੀ ਆਸਾ ॥੭॥ ਜਿਨਿ=ਜਿਸ ਨੇ। (੨੩੯)

(II) ਤੁਸਿ ਨਾਨਕੁ ਦੇਵੈ ਜਿਸੁ ਨਾਮੁ 'ਤਿਨਿ' ਹਰਿ ਰੰਗੁ ਮਣਿਆ ॥੭॥ ਤਿਨਿ=ਤਿਸ ਨੇ।(੩੧੯)

(III) ਰਾਮ ਨਾਮ ਬਿਨੁ 'ਕਿਨਿ' ਗਤਿ ਪਾਈ। ੪॥੪॥ ਕਿਨਿ=ਕਿਸ ਨੇ। (੩੨੪)

(IV) ਸਗਲਿਆ ਕੀ ਹਉ ਬਹਿਨ ਭਾਨਜੀ'ਜਿਨਹਿ' ਬਰੀ ਤਿਸੁ ਚੇਰੀ॥੨॥ਜਿਨਹਿ=ਜਿਸ ਨੇ(੪੭੬)



www.AKJ.Org

(v) ਜਿਨਿ ਰਾਮੁ ਜਾਂਨਿਆ 'ਤਿਨਹਿ' ਪਛਾਨਿਆ ॥੧॥੧੮॥ ਤਿਨਹਿ=ਤਿਸ ਨੇ ਹੀ (੩੨੭)

(vi) ਹਰਿ ਧਨੁ ਸਚੀ ਰਾਸਿ ਹੈ 'ਕਿਨੈ' ਵਿਰਲੈ ਜਾਤਾ ॥ ਕਿਨੈ=ਕਿਸੇ ਨੇ (੩੧੯)

**ਕਰਣ ਕਾਰਕ–**

ਇਕ ਵਚਨ = ਜਿਤੁ, ਤਿਤੁ, ਕਿਤੁ

ਉਦਾਹਰਣ (I) ਐਸੀ ਕਲਾ ਨ ਖੇਡੀਐ 'ਜਿਤੁ' ਦਰਗਹ ਗਇਆ ਹਾਰੀਐ॥੧੨॥ ਜਿਤੁ–ਜਿਸ ਕਰਕੇ ।(੪੬੯)

(II) ਤਿਤੁ ਭੂਖੈ ਖਾਇ ਚਲੀਅਹਿ ਦੂਖ ॥੧॥ ਤਿਤੁ–ਤਿਸ ਦੁਆਰਾ (੩੪੯)

(III) ਕਿਤੁ ਕਾਰਨਿ ਸਿਰਿ ਛਾਈ ਪਾਈ ॥੨॥੧੧॥ ਕਿਤੁ–ਕਿਸ ਕਰਕੇ (੬੫੧)

ਨੋਟ :–ਜਿਤੁ, ਤਿਤੁ, ਕਿਤੁ ਜੇ ਇਕੱਲੇ ਆਉਣ ਤਾਂ ਇਹ ਪੜਨਾਂਵ ਹੁੰਦੇ ਹਨ, ਪਰ ਜੇ ਕਿਸੇ ਨਾਂਵ ਨਾਲ ਆਉਣ ਤਾਂ ਪੜਨਾਵੀਂ ਵਿਸ਼ੇਸ਼ਣ ।

ਉਪਰਲੀਆਂ ਉਦਾਹਰਣਾਂ ਤੋਂ ਕਿਸੇ ਕਿਸਮ ਦੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿੰਦੀ ਕਿ ਪੰਜਾਬੀ ਵਿਆਕਰਣ ਅਨੁਸਾਰ ਸੰਬੰਧਕੀ-ਰੂਪ ਵਾਲੇ ਵਾਕਾਂ ਵਿਚ ਕਰਤਾ ਕਾਰਕ ਦਾ ਕਰਣ ਕਾਰਕ ਤੋਂ ਵਖਰਾ ਅਸਥਾਨ ਹੈ । ਇਹ ਕਹਿਣਾ ਬਿਲਕੁਲ ਠੀਕ ਨਹੀਂ ਕਿ ਸੰਬੰਧਕੀ-ਰੂਪ ਵਾਲੇ ਵਾਕ, ਜਿਨ੍ਹਾਂ ਦੀ ਕਿਰਿਆ ਕਰਮ ਅਨੁਸਾਰ ਹੋਵੇ, ਉਹਨਾ ਦਾ ਕਰਤਾ ਕਰਣ ਕਾਰਕ ਵਿਚ ਹੁੰਦਾ ਹੈ ।

ਪੜਨਾਵ ਦੀਆਂ ਸ਼ੇਣੀਆਂ ਵਿਚੋਂ ਇਕ ਸ਼੍ਰੇਣੀ 'ਨਿਜ-ਵਾਚਕ ਪੜਨਾਂਵ' Reflexive Pronoun ਦੀ ਹੈ । ਨਿਜ-ਵਾਚਕ ਪੜਨਾਂਵ ਦਾ ਨਿਸਚਿਤ ਰੂਪ 'ਆਪ' ਸ਼ਬਦ ਹੈ, ਜੋ ਕਿ ਸੰਸਕ੍ਰਿਤ ਦੇ 'ਆਤਮਨ' ਸ਼ਬਦ ਦਾ ਪ੍ਰਾਕ੍ਰਿਤ ਰੂਪ ਹੈ । ਇਸ ਸ਼ਬਦ ਦੇ ਕਰਤਾ ਕਾਰਕ ਦੇ ਇਹ ਸਰੂਪ ਹਨ :–

ਆਪਿ, ਆਪੇ, ਆਪਹਿ, ਆਪੀਨੈ ।

ਇਹਨਾਂ ਵਿਚ 'ਆਪੀਨੈ' ਸ਼ਬਦ ਕਰਤਾ-ਕਾਰਕ ਦਾ ਸ਼ੁਧ ਅਤੇ ਸਪਸ਼ਟ ਰੂਪ ਹੈ :–

ਆਪੀਨੈ ਆਪੁ ਸਾਜਿਓ 'ਆਪੀਨੈ' ਰਚਿਓ ਨਾਉ ॥੧॥ (੪੧੩)

ਇਸ ਤੁਕ ਦੇ ਵਖ ਵਖ ਟੀਕਾਕਾਰਾਂ ਨੇ ਅਰਥ ਇਸ ਪ੍ਰਕਾਰ ਕੀਤੇ ਹਨ :–

ਸ਼ਬਦਾਰਥ–(ਵਾਹਿਗੁਰੂ ਨੇ) ਆਪ ਹੀ ਆਪਣੇ ਆਪ ਨੂੰ ਬਣਾਇਆ, ਅਤੇ ਆਪ ਹੀ ਆਪਣਾ ਨਾਮ ਰੂਪ ਧਾਰਿਆ । (ਪੰਨਾ ੬੬੩)

ਫਰੀਦਕੋਟੀ ਟੀਕਾ–ਹੇ ਅਕਾਲ ਪੁਰਖ (ਆਪੀਨੈ ਆਪੁ) ਆਪ ਨੇ ਆਪ ਅਰਥਾਤ ਸੁਤੰਤਰ ਪੰਜ ਤਤੋਂ ਕੋ ਰਚਿਆ ਹੈ । ਔਰ ਆਪ ਹੀ ਤੇਨੇ ਨਾਮ ਰੂਪ ਆਤਮਕ ਜਗਤ ਰਚਾ ਹੈ । (ਪੰਨਾ ੬੮੦)

ਪ੍ਰੋ: ਸਾਹਿਬ ਸਿੰਘ ਜੀ–ਅਕਾਲ ਪੁਰਖ ਨੇ ਆਪ ਹੀ ਆਪਣੇ ਆਪੁ ਨੂੰ ਸਾਜਿਆ, ਅਤੇ ਆਪ ਹੀ ਆਪਣਾ ਨਾਮਣਾ ਬਣਾਇਆ । (ਪੰ: ੬੧੬, ਪੋਥੀ ਤੀਜੀ)

ਭਾ: ਵੀਰ ਸਿੰਘ ਜੀ–ਆਪ ਹੀ (ਨਿਰਗੁਣ ਨਿਰਾਕਾਰ ਪ੍ਰਮਾਤਮਾ) ਨੇ ਆਪ ਨੂੰ (ਸਰਗੁਣ ਰੂਪਤਾ ਵਿਚ) ਉਪਾਇਆ ਤੇ ਆਪ ਹੀ (ਉਸ) ਨੇ ਨਾਮ ਰਚਿਆ । (ਪੰ: ੨੮੩੭, ਪੋਥੀ ਛੇਵੀਂ)

ਸੰਪ੍ਰਦਾਈ ਟੀਕਾ–ਸਭ ਤੋਂ ਪਹਿਲੇ ਆਪ ਪ੍ਰਮੇਸ਼ਰ ਨੇ ਆਪਣੇ ਤੋਂ ਪੰਜ ਤਤ ਸਾਜਿਓ=ਬਣਾਏ, ਫਿਰ ਆਪ ਹੀ ਉਹਨਾਂ ਤੱਤਾਂ ਦੁਆਰੇ ਨਾਉ=ਨਾਮ ਰੂਪ ਪ੍ਰਪੰਚ ਰਚਨਾ ਕੀਤਾ ਹੈ ।

ਅਥਵਾ ਸਭ ਤੋਂ ਪਹਿਲਾਂ ਆਪਣੇ ਆਪ ਤੋਂ ਜਗਤ ਸਾਜਣਾ ਕੀਤਾ, ਫਿਰ ਆਪੀ ਸਭਨਾਂ ਦੇ ਨਾਉ=ਨਾਂ ਰਚਨਾ ਕੀਤੇ ਹਨ । (ਪੰ: ੬੦੭ ਪੋਥੀ ਚੌਥੀ)

ਸੰਜੁਕਤ-ਸ਼ਬਦ ਆਪੀਨੈ ਦਾ ਨਿਖੜਵਾਂ ਵੇਰਵਾ (ਸੰਧੀ) ਇਸ ਪ੍ਰਕਾਰ ਹੈ :–

(ਆਪਿ) + (ਹੀ) + (ਨੈ) ।



www.AKJ.Org

ਬਿਲਕੁਲ ਸਪਸ਼ਟ ਹੈ ਕਿ ਕਰਤਾ ਕਾਰਕ ਦਾ ਸੰਬੰਧਕੀ-ਪਦ 'ਨੈ' ਇਸ ਪੜਨਾਂਵ (ਆਪ) ਨਾਲ ਸੰਮਿਲਤ ਹੋ ਕੇ ਆਇਆ ਹੈ।

ਪੁਰਾਣੀ ਪੰਜਾਬੀ ਵਾਰਤਕ ਵਿਚ ਕਰਤਾ-ਕਾਰਕ ਦੇ ਨਿਸਚਿਤ ਸੰਬੰਧਕੀ-ਪਦ 'ਨੇ' ਦੀ ਵਰਤੋਂ ਕੀਤੀ ਮਿਲਦੀ ਹੈ। ਪੁਸ਼ਟੀ ਵਜੋਂ ਕੁਝ ਕੁ ਉਦਾਹਰਣਾਂ "ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ" ਸੰਪਾਦਕ ਸ: ਸ਼ਮਸ਼ੇਰ ਸਿੰਘ ਅਸ਼ੋਕ ਵਿਚੋਂ ਪੇਸ਼ ਹਨ :-

ਸਭੁ ਕਹਹਿ ਜੁ ਧੰਨੁ ਹੈ ਮੂਲੋ ! ਤੇਰਾ ਭਾਗੁ **ਜਿਸ ਨੇ** ਏਹਾ ਸੁੰਦਰੁ ਸੋਹਣਾ ਸੁਘੜੁ ਸਿਆਣਾ ਮਹਾ ਪੁਰਖੁ ਜਵਾਈ ਪਾਇਆ। —ਪੰਨਾ ੨੦, ਸਾਖੀ ੫

ਤਬ ਬਾਬਾ ਖੁਸੀ ਹੋਇਆ ਅਤੇ **ਨਬਾਬੁ ਨੇ** ਸਿਰੋਪਾਇ ਬਖਸਿਆ। —ਪੰਨਾ ੩੪, ਸਾਖੀ ੧੨

ਤਬ **ਠਗ ਨੇ** ਪੁਛਿਆ, "ਕਿਵ ਝਗੜਦੇ ਹੋ ?" —ਪੰਨਾ ੬੨, ਸਾਖੀ ੨੯

ਜਾ ਮਰਦਾਨੇ ਹਥਿ ਧਾਗਾ **ਬਧੋਨੇ** ਤਾ ਛਤਰਾ ਹੋਇ ਗਇਆ। ਰਬਾਬੁ ਅੰਦਰਿ ਸੁਟੁ **ਘਤਿਓਨੇ**॥

ਬਧੋਨੇ :—ਉਹਨਾਂ ਨੇ ਬਧਾ। ਘਤਿਓਨੇ :—ਉਹਨਾਂ ਨੇ ਘਤਿਆ।—ਪੰਨਾ ੬੫, ਸਾਖੀ ੩੦

ਫਿਰ **ਮਾਤਾ ਪਿਤਾ ਨੇ** ਕਪੜੇ ਅਗੇ ਰਖੇ, ਤਬ ਬਾਬੇ ਦੂਜੀ ਪਉੜੀ ਆਖੀ॥ —ਪੰਨਾ ੭੦, ਸਾਖੀ ੩੪

**ਬਾਬੇ ਨੇ** ਮਰਦਾਨੇ ਨੂੰ ਹੁਕਮੁ ਕੀਤਾ ਜੁ "ਏਹੁ ਸਲੋਕੁ ਵਤਿ ਦੇਹਿ।" —ਪੰਨਾ ੧੦੯, ਸਾਖੀ ੪੭

**ਮਰਦਾਨੇ ਨੇ** ਰਬਾਬ ਵਜਾਇਆ ਤਾ ਬਾਬੇ ਜੀ ਸਬਦੁ ਕਹਿਆ, —ਪੰਨਾ ੧੧੭, ਸਾਖੀ ੪੯

ਤਬ ਉਹੁ ਤੀਨੋ **ਪੰਡਿਤ ਨੇ** ਆਗੇ ਧਰਿ ਲੀਏ, ਲਿਜਾਇ ਨਿਖਾਸ ਖੜੇ ਕੀਏ। —ਪੰਨਾ ੧੪੩, ਸਾਖੀ ੫੭

ਜਿ ਬਿਧਨਾ ਹੈ, **ਬਿਧਿ ਨੇ** ਥਾਟੀ ਸੋ ਤੋ ਨਾ ਮਿਟੈ ਮਿਟਾਈ॥ —ਪੰਨਾ ੧੪੭, ਸਾਖੀ ੫੭

ਤਬ ਉਨਹੁ ਕਹਿਆ, "ਰਾਜਾ ! ਹਮੁ ਕਉ ਅਬ ਹੀ **ਪਰਮੇਸਰ ਨੇ** ਨਰਕ ਤੇ ਨਿਕਾਲਿਆ, ਨਿਕਾਲ ਕਰਿ ਹਮੁ ਮੁਕਤ ਕਰੀ। ਮਹਾ ਪੁਰਖ ਕਾ ਹਮੋ ਦਰਸਨੁ ਕੀਆ, ਸੋ ਹਮਾਰਾ ਮਨੁ ਸਾਂਤਿ ਘਰ ਆਇ ਗਇਆ। ਹਮਾਰੇ ਉਗ੍ਰ ਭਾਗੁ ਥੇ, ਜਿਨੀ ਭਾਗੀ **ਹਮ ਨੇ** ਮਹਾ ਪੁਰਖ ਕਾ ਦਰਸਨ ਪਾਇਆ।" —ਪੰਨਾ ੧੫੯, ਸਾਖੀ ੫੯

ਉਪਰੋਕਤ ਵਿਸਥਾਰ ਸਹਿਤ ਕੀਤੀ ਗਈ ਵਿਚਾਰ ਤੋਂ ਭਲੀ ਪ੍ਰਕਾਰ ਸਪਸ਼ਟ ਹੋ ਜਾਂਦਾ ਹੈ ਕਿ ਸਤਿਗੁਰਾਂ ਦੇ ਸਮੇਂ ਬੋਲੀ ਜਾਂਦੀ ਪੰਜਾਬੀ, ਅਥਵਾ ਗੁਰਬਾਣੀ ਵਿਚ ਕਰਤਾ ਕਾਰਕ ਦੀ ਵਰਤੋਂ ਜਿਥੇ ਸਾਧਾਰਨ ਰੂਪ ਵਿਚ ਮਿਲਦੀ ਹੈ ਓਥੇ ਸੰਮਿਲਤ ਸੰਬੰਧਕੀ ਰੂਪ ਵਿਚ ਵੀ ਮਿਲਦੀ ਹੈ ਅਤੇ 'ਨੇ' ਕਰਤਾ ਕਾਰਕ ਦਾ ਸੰਬੰਧਕੀ ਪਦ ਹੈ, ਨਾ ਕਿ ਕਰਣ ਕਾਰਕ ਦਾ।

ਡਾਕਟਰ ਹਰਕੀਰਤ ਸਿੰਘ ਜੀ ਨੇ ਦੂਜਾ ਨੁਕਤਾ ਇਹ ਲਿਖਿਆ ਹੈ ਕਿ ਅੰਤ ਵਿਚ ਕੰਨਾ ਲਗ ਕੇ ਬਣੇ ਬਹੁ-ਵਚਨ ਨਾਂਵ ਜਿਨ੍ਹਾਂ ਦੇ ਅਗੇ ਕੋਈ ਸੰਬੰਧਕੀ ਪਦ ਨਹੀਂ ਹੁੰਦਾ, ਉਹ ਕਰਤਾ ਕਾਰਕ ਦੇ ਹੁੰਦੇ ਹਨ, ਪਰ ਜਿਨ੍ਹਾਂ ਦੇ ਨਾਲ ਕੋਈ ਸੰਬੰਧਕੀ ਪਦ ਹੋਵੇ ਉਹ ਕਰਣ ਕਾਰਕ ਦੇ ਹੁੰਦੇ ਹਨ ਤੇ ਕੇਵਲ ਉਹਨਾਂ ਦਾ ਉਚਾਰਨ ਹੀ ਨਾਸਕੀ ਹੁੰਦਾ ਹੈ। ਇਸ ਦੇ ਲਈ ਉਹਨਾਂ ਨੇ ਦੋ ਉਦਾਹਰਣਾਂ ਦਿਤੀਆਂ ਹਨ :-

(੧) ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥ (੪੬੩)

(੨) ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥ (੪੧੭) ਸਾਹਾਂ=ਕਰਣ ਕਾਰਕ

ਏਥੇ ਵੀ ਡਾਕਟਰ ਸਾਹਿਬ ਨੂੰ ਟਪਲਾ ਲਗਾ ਹੈ। ਅਸਲੀਅਤ ਇਹ ਹੈ ਕਿ ਉਪਰੋਕਤ ਉਦਾਹਰਣਾਂ ਵਿਚ ਸ਼ਬਦ 'ਚੰਦਾ' ਵੀ ਕਰਤਾ-ਕਾਰਕ ਬਹੁ-ਵਚਨ ਨਾਂਵ ਹੈ ਅਤੇ 'ਸਾਹਾਂ' ਵੀ ਕਰਤਾ ਕਾਰਕ ਬਹੁ-ਵਚਨ ਨਾਂਵ।



www.AKJ.Org

ਫ਼ਰਕ ਸਿਰਫ਼ ਏਨਾ ਹੈ ਕਿ ਉਦਾਹਰਣ ਨੰ: ੧ ਦੀ ਕਿਰਿਆ ਵਰਤਮਾਨ ਕਾਲ ਦੀ ਸਕਰਮਕ ਹੈ ਅਤੇ ਉਦਾਹਰਣ ਨੰ: ੨ ਵਿਚ ਕਿਰਿਆ ਭੂਤ-ਕਾਲ ਦੀ ਸਕਰਮਕ ਹੈ ।

**ਪੰਜਾਬੀ ਬੋਲੀ ਦਾ ਅਤੇ ਗੁਰਬਾਣੀ ਵਿਆਕਰਣ ਦਾ ਇਕ ਵਿਆਪਕ ਨਿਯਮ ਹੈ ਕਿ ਮੁਕਤਾ-ਅੰਤ ਪੁਲਿੰਗ ਨਾਵਾਂ ਨੂੰ ਬਹੁ-ਵਚਨ ਬਣਾਉਣ ਲਈ ਜਦੋਂ ਉਹਨਾਂ ਦੇ ਅੰਤ ਵਿਚ ਕਾਰਕ-ਚਿੰਨ੍ਹ ਕੰਨਾ (ਾ) ਲਾਇਆ ਜਾਂਦਾ ਹੈ ਤਾਂ ਉਸ ਅੰਤਲੇ ਕਾਰਕ-ਚਿੰਨ੍ਹ ਕੰਨੇ (ਾ) ਦਾ ਉਚਾਰਨ ਕੇਵਲ ਉਸ ਹਾਲਤ ਵਿਚ ਨਾਸਕੀ ਹੁੰਦਾ ਹੈ ਜਦੋਂ ਉਸ ਬਹੁ-ਬਚਨ ਨਾਂਵ ਦੇ ਅਗੇ ਕੋਈ ਲੁਪਤ ਜਾਂ ਪਰਗਟ ਸੰਬੰਧਕੀ-ਪਦ ਹੋਵੇ ।**

**ਉਪਰੋਕਤ ਨਿਯਮ, ਸਿਵਾਏ ਸੰਬੋਧਨ ਕਾਰਕ ਦੇ, ਬਾਕੀ ਸਾਰਿਆਂ ਕਾਰਕਾਂ ਉਤੇ ਲਾਗੂ ਹੁੰਦਾ ਹੈ । ਜਿਹਾ ਕਿ :–**

**ਕਰਤਾ ਕਾਰਕ–**

(੧) ਹਰਿ 'ਭਗਤਾਂ' ਹਰਿ ਆਰਾਧਿਆ ਹਰਿ ਕੀ ਵਡਿਆਈ॥੨॥੩੦॥ ਭਗਤਾਂ=ਭਗਤਾਂ ਨੇ।(੩੧੬)

(੨) 'ਗੁਰਮੁਖਾਂ' ਕਰਾਂ ਉਪਰਿ ਹਰਿ ਚੇਤਿਆ ਸੇ ਪਾਇਨਿ ਮੋਖ ਦੁਆਰੁ ॥੬੨॥ਗੁਰਮੁਖਾਂ=ਗੁਰਮੁਖਾਂ ਨੇ। (੧੪੧੮)

**ਕਰਮ ਕਾਰਕ–**

ਅਲਖੁ ਨ ਲਖੀਐ ਅਗਮੁ ਅਜੋਨੀ ਤੂੰ 'ਨਾਥਾਂ' ਨਥਣਹਾਰਾ ॥੪॥੩॥ ਥਾਨਾਂ=ਨਾਥਾਂ ਨੂੰ । (੧੨੫੫)

'ਸਿਖਾਂ' 'ਪੁਤ੍ਰਾਂ' ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਉਨ ॥੫॥ ਸਿਖਾਂ=ਸਿਖਾਂ ਨੂੰ । ਪੁਤ੍ਰਾਂ=ਪੁਤਰਾਂ ਨੂੰ । (੯੬੭)

**ਸੰਪ੍ਰਦਾਨ ਕਾਰਕ–**

ਹੰਸਾ ਵੇਖਿ ਤਰੰਦਿਆ 'ਬਗਾਂ' ਭੀ ਆਯਾ ਚਾਉ ॥੩॥੧॥ ਬਗਾਂ=ਬਗਲਿਆਂ ਨੂੰ । (੫੮੫)

ਆਪਣੀ ਪੈਜ ਆਪੇ ਰਾਖੈ 'ਭਗਤਾਂ' ਦੇਇ ਵਡਿਆਈ ॥ ਭਗਤਾਂ=ਭਗਤਾਂ ਨੂੰ । (੧੧੩੩)

ਫਰੀਦਾ 'ਲੋਕਾਂ' ਆਪੋ ਆਪਣੀ ਮੈ ਆਪਣੀ ਪਈ ॥੯੪॥ ਲੋਕਾਂ=ਲੋਕਾਂ ਨੂੰ । (੧੩੮੨)

**ਸੰਬੰਧ ਕਾਰਕ–**

'ਗੁਰਸਿਖਾਂ' ਮਨਿ ਹਰਿ ਪ੍ਰੀਤਿ ਹੈ ਗੁਰੁ ਪੂਜਣ ਆਵਹਿ ॥੧੧॥ ਗੁਰਸਿਖਾਂ=ਗੁਰਸਿਖਾਂ ਦੇ । (੫੯੦)

ਧੋਤੀ ਟਿਕਾ ਤੈ ਜਪਮਾਲੀ ਧਾਨੁ 'ਮਲੇਛਾਂ' ਖਾਈ ॥੧॥੧੬॥ ਮਲੇਛਾਂ=ਮਲੇਛਾਂ ਦਾ (੪੭੧)

**ਅਧਿਕਰਣ ਕਾਰਕ–**

ਅਜੁ ਫਰੀਦੈ ਕੂਜੜਾ ਸੈ 'ਕੋਹਾਂ' ਥੀਓਮਿ ॥੨੦॥ ਕੋਹਾਂ=ਕੋਹਾਂ ਉਤੇ । (੧੩੭੮)

'ਗੁਰਸਿਖਾਂ' ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥੨॥੩੩॥ (੩੧੭)

**ਅਪਾਦਾਨ ਕਾਰਕ–**

'ਨਿੰਦਕਾਂ' ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ ॥੨॥੩੦॥ (੩੧੬)

ਵਿਣੁ ਸਤਿਗੁਰ ਕੇ ਹੁਕਮੈ ਜਿ 'ਗੁਰਸਿਖਾਂ' ਪਾਸਹੁ ਕੰਮੁ ਕਰਾਇਆ ਲੋੜੇ
ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ ॥੩੩॥ (੩੧੭)

ਸਲੋਕ 'ਵਾਰਾਂ' ਤੇ ਵਧੀਕ ॥ (੧੪੧੦)

ਮੈਂ 'ਅਖਾਂ' ਨਾਲ ਸਾਰਾ ਦ੍ਰਿਸ਼ ਡਿਠਾ ।

ਮੇਰੀ ਰੀਝ ਹੈ ਕਿ 'ਕੇਸਾਂ' ਨਾਲ ਸਤ-ਪੁਰਸ਼ਾਂ ਦੇ ਚਰਨ ਝਾੜਾਂ ।

ਕਾਰਕ-ਚਿੰਨ੍ਹ ਕੰਨਾ (ਾ) ਲਾ ਕੇ ਬਹੁ-ਵਚਨ ਬਣਾਏ ਮੁਕਤਾ-ਅੰਤ ਪੁਲਿੰਗ ਨਾਵਾਂ ਦਾ ਉਚਾਰਨ ਉਸ ਹਾਲਤ ਵਿਚ ਬਿੰਦੇ ਰਹਿਤ ਹੁੰਦਾ ਹੈ ਜਦੋਂ ਉਹਨਾਂ ਨਾਲ ਕੋਈ ਸੰਬੰਧਕੀ-ਪਦ ਨਾ ਆਵੇ, ਜਿਵੇਂ :—


www.AKJ.Org

(੧) ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ 'ਸਿਖਾ' ॥੧੯॥ (੬੫੦)
(੨) ਹਰਿ 'ਸੰਤਾ' ਹਰਿ ਸੰਤ ਸਜਨ ਮੇਰੇ ਮੀਤ ਸਹਾਈ ਰਾਮ ॥੨॥ (੪੫੩)
(੩) ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮਿ ਸਭਿ ਬਿਨਸੇ ਹੰਉਮੈ 'ਪਾਪਾ' ਰਾਮ ॥੨॥ (੫੭੪)
(੪) ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ 'ਸਿਖਾ' ॥੨॥ (੧੧੧੬)
(੫) ਅਨਦ ਕਰਹਿ ਤੇਰੇ 'ਦਾਸਾ' ॥ ਜਪਿ ਪੂਰਨ ਹੋਈ ਆਸਾ ॥੨॥੪॥੬੯॥ (੬੨੬)
(੬) ਗੋਵਿੰਦੁ ਊਜਲੁ ਉਜਲ 'ਹੰਸਾ' ॥ ਮਨੁ ਬਾਣੀ ਨਿਰਮਲ ਮੇਰੀ ਮਨਸਾ ॥੧॥ (੧੨੧)
(੭) ਜਿਤਨੇ ਭਗਤਿ ਹਰਿ'ਸੇਵਕਾ'ਮੁਖਿ ਅਠਿਸਠਿ ਤੀਰਥ ਤਿਨ ਤਿਲਕੁ ਕਢਾਇ॥੪॥੧॥੮॥(੭੩੩)

ਸੋ ਉਪਰੋਕਤ ਤਥਾਂ ਦੇ ਅਧਾਰ ਤੇ ਡਾਕਟਰ ਹਰਕੀਰਤ ਸਿੰਘ ਜੀ ਦਾ ਇਹ ਕਥਨ ਠੀਕ ਸਾਬਤ ਨਹੀਂ ਹੁੰਦਾ ਕਿ ਬਹੁ-ਵਚਨ ਨਾਂਵ 'ਸਾਹਾਂ' ਦਾ ਉਚਾਰਨ ਇਸ ਲਈ ਨਾਸਕੀ ਹੈ ਕਿ ਇਹ ਕਰਣ ਕਾਰਕ ਵਿਚ ਹੈ। ਨਾਸਕੀ ਉਚਾਰਨ ਦਾ ਅਸਲੀ ਭੇਦ ਹੋਰ ਹੈ, ਜਿਹੜਾ ਉਪਰ ਵਰਨਣ ਕੀਤਾ ਗਿਆ ਹੈ। ਬਹੁ-ਵਚਨ ਨਾਂਵ 'ਸਾਹਾਂ' ਕਰਤਾ ਕਾਰਕ ਹੈ ਤੇ ਇਸ ਨੂੰ ਕਰਣ ਕਾਰਕ ਦਾ ਨਾਂਵ ਆਖਣਾ ਠੀਕ ਨਹੀਂ।

ਨਿਰਸੰਦੇਹ ਇਹ ਲੇਖ ਲੰਮਾ ਹੋ ਗਿਆ ਹੈ, ਪਰ ਕਰਤਾ-ਕਾਰਕ ਸੰਬੰਧੀ ਜੋ ਭੁਲੇਖਾ ਪਾਇਆ ਜਾ ਰਿਹਾ ਹੈ ਉਸ ਨੂੰ ਦੂਰ ਕਰਨਾ ਵੀ ਜ਼ਰੂਰੀ ਸੀ।

# ਸਮੇਂ ਦੀ ਵੱਡੀ ਲੋੜ ਹੈ

[ਪ੍ਰੋ: ਬਲਵਿੰਦਰ ਪਾਲ ਸਿੰਘ ਗੁਰੂ ਗੋਬਿੰਦ ਸਿੰਘ, ਸਟੱਡੀ ਸਰਕਲ, ਲੁਧਿਆਣਾ]

ਉਠੋ ਵੀਰੋ ਤਕੜੇ ਹੋ ਕਰ ਲਓ ਤਿਆਰੀ।
ਨਾਸਤਕਾਂ ਦੇਹਧਾਰੀਆਂ ਦਾ ਹਮਲਾ ਭਾਰੀ।
ਸਭਨਾਂ ਦੇਹੁ ਚੇਤਾਵਨੀ ਕਰ ਕੇ ਹੋਸ਼ਿਆਰੀ।
ਵਿਰਸੇ ਤਾਈਂ ਸੰਭਾਲਣੈ ਸਾਡੀ ਹੈ ਵਾਰੀ।
ਝੰਡਾ ਗਡਣੈ ਕੇਸਰੀ ਸਾਰੇ ਸੰਸਾਰੀ।
ਸਭੇ ਸਾਂਝੀਵਾਲ ਦਾ ਨਾਅਰਾ ਗਜਾਣੈ।
ਸਿੰਘਾਂ ਸੂਰਿਆਂ ਕਦੇ ਵੀ ਬਾਜ਼ੀ ਨਹੀਂ ਹਾਰੀ।੧।

ਸਤਿਗੁਰਾਂ ਨੇ 'ਇਕ' ਦਾ ਸੀ ਨਾਅਰਾ ਲਾਇਆ।
ਜੱਗ ਸਚੇ ਕੀ ਹੈ ਕੋਠੜੀ, ਇਕੋ ਦਾ ਜਾਇਆ।
ਨਿਰਭਉ ਤੇ ਨਿਰਵੈਰ ਦਾ ਸਿਧਾਂਤ ਦਿੜਾਇਆ।
ਸਭ ਨੂੰ ਕੀਤਾ ਪਿਆਰ ਸੀ, ਨਹੀਂ ਵੈਰ ਕਮਾਇਆ।
ਪਰ ਜ਼ਾਲਮਾਂ ਅਗੇ ਕਦੇ ਨਹੀਂ ਸੀਸ ਝੁਕਾਇਆ।
ਸਿਦਕੀ ਸਿੱਖਾਂ ਡਟ ਕੇ ਫਿਰ ਖੂਬ ਨਿਭਾਹੀ।
ਧਰਮ ਬਚਾਵਣ ਲਈ ਸਿਰੀਂ ਆਰਾ ਚਲਵਾਇਆ।੨।

ਭਾਈ ਮਨੀ ਸਿੰਘ ਦੇ, ਗਏ ਬੰਦ ਬੰਦ ਕਟੇ।
ਭਾਈ ਦਿਆਲਾ ਗਏ ਉਬਲਦੀ ਦੇਗਚੇ ਸਟੇ।
ਆਰੇ ਚੀਰਿਆ ਮਤੀ ਦਾਸ ਪਰ ਸਿੰਘ ਨ ਹਟੇ।
ਚਰਖੜੀਆਂ ਤੇ ਚੜ੍ਹ ਕੇ ਵੀ ਸਿੰਘ ਰਹੇ ਡਟੇ।
ਮੁਠੀ ਭਰ ਸਿੰਘਾਂ ਮੁਗ਼ਲਾਂ ਨੂੰ ਸਨ ਪਾਏ ਰਟੇ।
ਇਹ ਸਾਡਾ ਇਤਿਹਾਸ ਖ਼ੂਨ ਦੇ ਨਾਲ ਹੈ ਲਿਖਿਆ
ਸਵਾ ਲੱਖ ਦੇ ਇਕ ਇਕ ਨੇ ਦੰਦ ਕੀਤੇ ਖਟੇ।੩।

(ਅੱਜ) ਸਮੇਂ ਦੀ ਵੱਡੀ ਲੋੜ ਹੈ ਜਥੇਬੰਦ ਹੋਈਏ।
ਕੌਮ ਸਾਰੀ ਇਕ ਲੜੀ ਦੇ ਵਿੱਚ ਪਰੋਈਏ।
ਗੁਰੂ ਗ੍ਰੰਥ ਜੀ ਤਾਬਿਆ ਹੁਣ ਡੱਟ ਖਲੋਈਏ।
ਗੁਰਬਾਣੀ ਨਾਲ ਮੈਲ ਮਨਾਂ ਦੀ ਨਿਤ ਨਿਤ ਧੋਈਏ।
ਵਿਸ਼ਵ-ਖਾਲਸਾ ਸਾਜਣ ਦੀ ਹੁਣ ਗੱਲ ਗਲੋਈਏ।
ਐ ਵਿਰਸੇ ਦੇ ਵਾਰਸੋ, ਕਰ ਲਓ ਨਿਸਚਾ।
ਜੀਣਾ ਮਰਣਾ ਧਰਮ ਲਈ, ਸਭ ਕੁਝ ਵੀ ਖੋਈਏ।੪

## ਕੁਰਾਲੀ (ਰੋਪੜ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਕੁਰਾਲੀ ਸ਼ਹਿਰ ਵਿਖੇ 24 ਅਪ੍ਰੈਲ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਦੂਰੋਂ ਨੇੜਿਓਂ ਸ਼ਹਿਰਾਂ ਤੋਂ ਕੀਰਤਨੀ ਜਥੇ ਪੁਜ ਰਹੇ ਹਨ। ਆਇ ਦੀਦਾਰ ਬਖਸ਼ੋ ਜੀ।

ਪੁਛ ਗਿਛ—ਭਾਈ ਹਰਿਭਜਨ ਸਿੰਘ, 12/100, ਵਾਰਡ ਨੰ: 7, ਨੇੜੇ ਬਸ ਸਟੈਂਡ, ਕੁਰਾਲੀ ਜ਼ਿਲਾ ਰੋਪੜ



www.AKJ.Org

# ਦੇਵੀ ਪਰਗਟ ਕਰਨ ਦਾ ਕਿੱਸਾ

[ਪ੍ਰਸਿਧ ਆਰੀਆ ਸਮਾਜੀ ਲੇਖਕ ਲਾ: ਦੌਲਤ ਰਾਏ ਜੀ ਦੀਆਂ ਨਜ਼ਰਾਂ ਵਿਚ]

ਜਦੋਂ ਗੁਰੂ ਗੋਬਿੰਦ ਸਿੰਘ ਜੀ ਆਉਣ ਵਾਲੇ ਸਮੇਂ ਦੇ ਕਾਰਜ ਦੀ ਤਿਆਰੀ ਵਿਚ ਜੁੱਟੇ ਹੋਏ ਸਨ ਤੇ ਜੰਗੀ ਸਮਾਨ ਇਕੱਠਾ ਕਰ ਰਹੇ ਸਨ ਤਾਂ ਉਸ ਸਮੇਂ ਪੰਡਤਾਂ ਨੇ ਗੁਰੂ ਜੀ ਨੂੰ ਪ੍ਰੇਰਿਆ, ਜਾਂ ਗੁਰੂ ਜੀ ਨੇ ਆਪ ਹੀ ਦੇਵੀ-ਪੂਜ ਸ਼ਰੇਣੀ ਨੂੰ ਆਪਣੇ ਵਲ ਖਿਚਣ ਤੇ ਪ੍ਰੇਰਨ ਲਈ ਪੰਡਤਾਂ ਨੂੰ ਇਸ ਗੱਲ ਲਈ ਤਿਆਰ ਕੀਤਾ ਕਿ ਇਕ ਖ਼ਾਸ ਵਿਸ਼ੇਸ਼ ਯਗ ਤੇ ਹਵਨ ਕੀਤਾ ਜਾਵੇ, ਇਸ ਰਾਹੀਂ ਦੇਵੀ ਪ੍ਰਗਟ ਕਰ ਕੇ ਉਸ ਦੀ ਸਹਾਇਤਾ ਤੇ ਬਰਕਤ ਨਾਲ ਦੁਸ਼ਮਣਾਂ ਦਾ ਨਾਸ ਕੀਤਾ ਜਾਵੇ। ਮਾਲਕਾਰ (ਨੈਣਾਂ ਦੇਵੀ) ਪਹਾੜ ਉਤੇ ਯਗ ਦੀ ਸਮਿਗਰੀ ਇਕੱਠੀ ਕੀਤੀ ਗਈ। ਇਸ ਯਗ ਨੂੰ ਸੰਪੂਰਨ ਕਰਨ ਲਈ ਬਨਾਰਸ ਤੋਂ ਕਾਲੀਦਾਸ ਤੇ ਕੇਸ਼ੋਦਾਸ ਨਾਮੀ ਦੋ ਪੰਡਤ ਬੁਲਾਏ ਗਏ। ਉਨ੍ਹਾਂ ਨਾਲ ਪੰਡਤ ਬਿਸ਼ੰਬਰ ਦਾਸ ਜੀ ਵੀ ਸ਼ਾਮਲ ਕੀਤੇ ਗਏ।

ਹਵਨ ਕਈ ਦਿਨ ਹੁੰਦਾ ਰਿਹਾ; ਪਰ ਦੇਵੀ ਪਰਗਟ ਨ ਹੋਈ, ਜਿਵੇਂ ਕਿ ਬ੍ਰਾਹਮਣਾਂ ਨੇ ਦਾਅਵਾ ਕੀਤਾ ਸੀ। ਫਿਰ ਬ੍ਰਾਹਮਣਾਂ ਨੇ ਇਹ ਢੁਚਰ ਖੜਾ ਕੀਤਾ ਕਿ ਦੇਵੀ ਉਦੋਂ ਤਕ ਪਗਗਟ ਨਹੀਂ ਹੋਵੇਗੀ ਜਦੋਂ ਤਕ ਕਿ ਇਸ ਹਵਨ-ਕੁੰਡ ਵਿਚ ਦੇਵੀ ਨੂੰ ਕਿਸੇ ਆਤਮਾ ਦੀ ਬਲੀ ਨਾ ਦਿਤੀ ਜਾਵੇ। ਇਹ ਸੁਣ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਡਤਾਂ ਨੂੰ ਹੱਸ ਕੇ ਆਖਿਆ ਕਿ ਆਪ ਨਾਲੋਂ ਕੌਣ ਵੱਡਾ ਮਹਾਤਮਾ ਮਿਲ ਸਕਦਾ ਹੈ। ਚੰਗਾ ਹੋਵੇ ਜੇ ਕਿਸੇ ਪੰਡਤ ਨੂੰ ਦੇਵੀ ਅਗੇ ਬਲੀਦਾਨ ਕੀਤਾ ਜਾਵੇ। ਇਹ ਸੁਣਦੇ ਸਾਰ ਹੀ ਪੰਡਤ ਪਿਸ਼ਾਬ ਕਰਨ ਤੇ ਇਸ਼ਨਾਨ ਕਰਨ ਦੇ ਬਹਾਨੇ ਉਥੋਂ ਖਿਸਕ ਗਏ ਤੇ ਯਗ ਉਥੇ ਦਾ ਉਥੇ ਹੀ ਰਹਿ ਗਿਆ।

ਕਈ ਰਵਾਇਤਾਂ ਵਿਚੋਂ ਇਕ ਇਹ ਵੀ ਰਵਾਇਤ ਪ੍ਰਚਲਤ ਹੈ ਕਿ ਜਦ ਪੰਡਤ ਹਵਨ ਨੂੰ ਅਧੂਰਾ ਤੇ ਅਧਵਾਟੇ ਹੀ ਛਡ ਕੇ ਤੁਰ ਗਏ ਤਾਂ ਗੁਰੂ ਜੀ ਨੇ ਬਾਕੀ ਬਚੀ ਹੋਈ ਸਾਰੀ ਸਮਿਗਰੀ ਨੂੰ ਇਕ-ਦਮ ਹਵਨ-ਕੁੰਡ ਵਿਚ ਸੁਟਵਾ ਦਿਤਾ ਤੇ ਇਸ ਨਾਲ ਪਹਾੜ ਤੇ ਬਹੁਤ ਪ੍ਰਚੰਡ ਅਗਨੀ ਦੀ ਬਹੁਤ ਉਚੀ ਲਾਟ ਨਿਕਲੀ, ਜਿਸ ਨੂੰ ਦੇਖ ਕੇ ਲੋਕਾਂ ਖ਼ਿਆਲ ਕੀਤਾ ਕਿ ਦੇਵੀ ਹੀ ਪਰਗਟ ਹੋ ਗਈ ਹੈ।

**ਪਰ ਇਹ ਸਾਰੀਆਂ ਹੀ ਰਵਾਇਤਾਂ ਗਲਤ ਜਾਪਦੀਆਂ ਹਨ। ਵਾਸਤਵ ਵਿਚ ਇਹ ਸਾਰੀਆਂ ਕਹਾਣੀਆਂ ਹੀ ਮਨੋ-ਕਲਪਤ ਹਨ, ਜੋ ਕਿ ਕੁਝ ਭੋਲੇ ਲੋਕਾਂ ਨੇ ਕੇਵਲ ਅਗਿਆਨਤਾ ਤੇ ਅੰਧ-ਵਿਸ਼ਵਾਸੀ ਕਾਰਨ ਘੜੀਆਂ**। ਇਹ ਕਹਾਣੀਆਂ ਵੀ ਲੋਕਾਂ ਨੇ ਗੁਰੂ ਜੀ ਦੀ ਦਸਮ ਗ੍ਰੰਥ ਵਿਚ ਲਿਖੀ 'ਚੰਡੀ ਦੀ ਵਾਰ' ਦੇ ਅਧਾਰ ਤੇ ਘੜੀਆਂ, ਜਿਸ ਵਿਚ ਗੁਰੂ ਜੀ ਨੇ ਦੇਵੀ ਨੂੰ ਹੀਰੋ ਬਣਾ ਕੇ ਜੰਗੀ ਮੈਦਾਨ ਦੇ ਵੀਰਤਾ ਦੇ ਹਾਲ ਵਰਨਣ ਕੀਤੇ। ਨਹੀਂ ਤਾਂ ਕਿਥੇ ਬ੍ਰਾਹਮਣਾਂ ਦਾ ਹਵਨ, ਕਿਥੇ ਉਸ ਵਿਚੋਂ ਦੇਵੀ ਦਾ ਪਰਗਟ ਹੋਣਾ, ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਹੀ ਸਿਖਿਆ, ਜੋ ਬਿਲਕੁਲ ਹੀ ਉਸ ਦੇ ਉਲਟ ਹੈ। ਗੁਰੂ ਜੀ ਦੀ ਵੀਚਾਰਧਾਰਾ ਦੇ ਤਾਂ ਇਹ ਉੱਕਾ ਹੀ ਉਲਟ ਸੀ ਤੇ ਆਸ ਹੀ ਨਹੀਂ ਕੀਤੀ ਜਾ ਸਕਦੀ ਕਿ ਉਨ੍ਹਾਂ ਦਾ ਅਜਿਹਾ ਵਿਚਾਰ ਜਾਂ ਕੋਈ ਵਿਸ਼ਵਾਸ ਸੀ ਤੇ ਉਸ ਦੀ ਪੂਰਤੀ ਲਈ ਅਜਿਹਾ ਕੀਤਾ ਹੋਵੇ। ਹਾਂ ਇਹ ਗੱਲ ਜ਼ਰੂਰ ਮੰਨੀ ਜਾ ਸਕਦੀ ਹੈ ਕਿ ਲੋਕ-ਪਰੰਪਰਾ ਤੇ ਲੋਕਾਂ ਦੀ ਬਣੀ ਵਿਚਾਰ ਨੂੰ ਨਾਟਕੀ ਢੰਗ ਨਾਲ ਫੋਕਟ ਦਰਸਾਉਣ ਲਈ ਤੇ ਉਨ੍ਹਾਂ ਨੂੰ ਭਰਮ-ਜਾਲ ਵਿਚੋਂ ਕਢ ਕੇ ਸਵੈ-ਬਲ ਤੇ ਸਵੈ-ਭਰੋਸੇ ਦੇ ਧੁਰੇ ਤੇ ਟਿਕਾਉਣ ਲਈ ਅਜਿਹਾ ਕੋਈ ਹਵਨ ਪਹਾੜ ਦੀ ਚੋਟੀ ਤੇ ਕਰਵਾਇਆ ਹੋਵੇ ਤੇ ਰਹਿੰਦੀ ਖੂੰਹਦੀ ਸਮਿਗਰੀ ਸੁਟਣ ਕਾਰਨ ਉਚੀਆਂ ਲਾਟਾਂ ਨਿਕਲੀਆਂ ਹੋਣ, ਤੇ ਲੋਕਾਂ ਦੂਰ ਤਕ ਉਸ ਨੂੰ ਵੇਖ ਕੇ ਅਨੁਮਾਨ ਲਾਇਆ ਹੋਵੇ ਕਿ ਦੇਵੀ ਗੁਰੂ ਜੀ ਦੇ ਵਸ ਵਿਚ ਆ ਗਈ ਹੈ ਜਾਂ ਕੋਈ ਦੇਵਤਾ ਕਾਬੂ ਆ ਗਿਆ ਹੈ। ਤੇ ਹੁਣ ਗੁਰੂ ਜੀ ਨੂੰ ਵਿਰੋਧੀਆਂ ਉਪਰ ਅਵੱਸ਼ ਜਿਤ ਹੋਵੇਗੀ। ਇਸ ਕਾਰਨ ਆਲੇ ਦੁਆਲੇ ਦੇ ਜੱਟ ਚਾਅ ਨਾਲ ਗੁਰੂ ਜੀ ਨਾਲ ਸ਼ਾਮਲ ਹੋਣ ਲਗ ਪਏ।

'ਸੂਰਾ' ਅੰਮ੍ਰਿਤਸਰ, ਅਪ੍ਰੈਲ ੧੯੮੨

www.AKJ.Org

**ਸਾਡੇ ਕੋਲ ਇਸ ਕਹਾਣੀ ਬਾਰੇ ਨਾ ਤਾਂ ਕੋਈ ਯੋਗ ਦਲੀਲਾਂ ਹਨ ਤੇ ਨਾ ਹੀ ਠੋਸ ਸਬੂਤ ਹੀ ਹੈ।** ਸੋ ਅਸੀਂ ਇਹ ਹੀ ਸਮਝ ਸਕਦੇ ਹਾਂ ਕਿ ਇਹ ਉਸ ਸਮੇਂ ਦੀ ਨੀਤੀ ਅਨੁਸਾਰ ਨਾਟਕੀ ਢੰਗ ਵਰਤ ਕੇ ਲੋਕਾਂ ਨੂੰ ਪ੍ਰੇਰਨਾ ਦਾ ਸਾਧਨ ਸੀ, ਜੋ ਲੋਕਾਂ ਨੂੰ ਜੰਗੀ ਰੁਚੀਆਂ ਵਲ ਪ੍ਰੇਰਨ ਵਿਚ ਸਹਾਇਕ ਸਿਧ ਹੋਈਆਂ।

ਇਸ ਸਾਰੇ ਨਾਟਕ ਤੋਂ ਇਹ ਸਿੱਟਾ ਕਢਣਾ ਨਿਰਮੂਲ ਹੈ ਕਿ ਗੁਰੂ ਜੀ ਦੇਵੀ-ਪੂਜ ਸਨ ਜਾਂ ਅਜਿਹਾ ਕਰਨ ਦੀ ਹੋਰਨਾਂ ਨੂੰ ਆਗਿਆ ਦਿੰਦੇ ਸਨ। ਅਜਿਹੇ ਨਾਟਕ ਜਾਂ ਟੋਟਕੇ ਲੜਾਈ ਸਮੇਂ ਕਈ ਵਾਰ ਕਈ ਸਮਿਆਂ ਤੇ ਕਈਆਂ ਨੇ ਅਗੇ ਵਰਤੇ ਸਨ ਤੇ ਇਤਿਹਾਸ ਵਿਚ ਇਹੋ ਜਿਹੀਆਂ ਕਈ ਗਵਾਹੀਆਂ ਮਿਲਦੀਆਂ ਹਨ। ਜੇ ਰਾਜਸੀ ਖੇਤਰ ਵਿਚ ਇਹ ਗੱਲ ਸੱਚ ਮੁੱਚ ਵਾਪਰੀ ਹੋਵੇ ਤਾਂ ਇਹ ਗੁਰੂ ਜੀ ਦੀ ਆਉਣ ਵਾਲੇ ਸਮੇਂ ਲਈ ਕਾਰਜ ਦਾ ਪ੍ਰਤੀਕ ਸੀ, ਉਸ ਖਾਲਸਾ ਧਰਮ ਲਈ, ਜਿਸ ਲਈ ਉਹ ਤਿਆਰੀ ਕਰ ਰਹੇ ਸਨ। ਪਰ ਖ਼ਾਲਸਾ ਧਰਮ ਦੀ ਬੁਨਿਆਦ ਰਖਣ ਸਮੇਂ ਵੀ ਉਨ੍ਹਾਂ ਦੇਵੀ ਨੂੰ ਆਪਣੇ ਅਸੂਲਾਂ ਵਿਚ ਉੱਕਾ ਹੀ ਸ਼ਾਮਲ ਨਹੀਂ ਕੀਤਾ। **ਖਾਲਸਾ ਧਰਮ ਦੇ ਬੁਨਿਆਦੀ ਅਸੂਲਾਂ ਵਿਚ ਦੇਵੀ-ਪੂਜਾ ਜਾਂ ਅਵਤਾਰ-ਪੂਜਾ ਜਾਂ ਕਿਸੇ ਪ੍ਰਕਾਰ ਦੀ ਵੀ ਮਨੁਖੀ-ਪੂਜਾ ਦਾ ਉਨ੍ਹਾਂ ਪੂਰੀ ਤਰ੍ਹਾਂ ਖ਼ਾਤਮਾ ਕਰ ਦਿਤਾ। ਇਸ ਤੋਂ ਉਪਰੰਤ ਗੁਰੂ ਜੀ ਵਲੋਂ ਕੋਈ ਅਜਿਹੀ ਘਟਨਾ ਵੇਖਣ ਵਿਚ ਨਹੀਂ ਆਈ ਜਿਸ ਤੋਂ ਇਹ ਅਨੁਮਾਨ ਲਗ ਸਕੇ ਕਿ ਉਹ ਕਿਸੇ ਦੇਵੀ ਦੇਵਤੇ ਦੀ ਪੂਜਾ ਨੂੰ ਜਾਇਜ਼ ਸਮਝਦੇ ਸਨ।**

---

## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ

ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਨ ਹੋਣ ਦੀ ਥਾਂ | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ | ਮਾਸਕ ਪੱਤਰ |
| ੩. ੪.੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ– ਨਾਂ ਕੌਮੀਅਤ ਤੇ ਪਤਾ | ਸੇਵਾ ਸਿੰਘ, ਭਾਰਤੀ<br>ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ |
| ੬. ਮਾਲਕ | ਅਖੰਡ ਕੀਰਤਨੀ ਜਥਾ<br>ਜਥੇਦਾਰ ਭਾ: ਰਾਮ ਸਿੰਘ ਜੀ ਸੁਕੈਡਰਨ ਲੀਡਰ (ਰੀ:)<br>੧੦੨–ਰਾਣੀ ਕਾ ਬਾਗ, ਅੰਮ੍ਰਿਤਸਰ |

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਭਰੋਸੇ ਅਨੁਸਾਰ ਪੂਰੀ ਤਰ੍ਹਾਂ ਠੀਕ ਹੈ।

ਤਰੀਕ ੧-੩-੯੨ — ਦਸਖ਼ਤ ਪਬਲਿਸ਼ਰ–ਸੇਵਾ ਸਿੰਘ

---

## ਧਰਮਗੜ੍ਹ (ਰਾਜਪੁਰਾ) ਵਿਖੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਿਹ ਵਿਖੇ 3 ਅਪਰੈਲ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਪਿੰਡ ਧਰਮਗੜ੍ਹ ਪਟਿਆਲਾ ਤੋਂ ਚੰਡੀਗੜ੍ਹ ਸੜਕ ਤੇ ਬਨੂੜ ਤੋਂ ਇਕ ਮੀਲ ਚੜ੍ਹਦੇ ਪਾਸੇ ਹੈ। ਬਨੂੜ ਅਡੇ ਤੇ ਟਰਾਲੀ ਦਾ ਪਰਬੰਧ ਹੋਵੇਗਾ। ਆਇ ਦੀਦਾਰ ਬਖਸ਼ੋ ਜੀ।

ਦਾਸ—ਗੁਰਬਚਨ ਸਿੰਘ, ਪਿੰਡ ਧਰਮਗੜ੍ਹ

## ਪਿੰਡ ਸ਼ੰਕਰਪੁਰਾ (ਗੁਰਦਾਸਪੁਰ) ਵਿਖੇ ਕੀਰਤਨ ਰੈਣ ਸਬਾਈ

ਪਿੰਡ ਸ਼ੰਕਰਪੁਰਾ (ਨੇੜੇ ਅਲੀਵਾਲ) ਵਿਖੇ 9 ਮਈ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਇਹ ਪਿੰਡ ਫਤਹਗੜ੍ਹ ਚੂੜੀਆਂ–ਅਲੀਵਾਲ ਸੜਕ ਤੇ ਹਰਚਰਨਪੁਰਾ ਅਡੇ ਤੋਂ ਇਕ ਕਿਲੋਮੀਟਰ ਹੈ।

ਦਾਸ—ਅਮਰੀਕ ਸਿੰਘ ਤੇ ਸੰਗਤ ਸ਼ੰਕਰਪੁਰਾ



www.AKJ.Org

# ਫੂਲ ਹਰਿ ਸਰਿ ਪਾਵਏ

## ਪਿੰਡੁ ਪਤਲਿ ਕਿਰਿਆ ਦੀਵਾ ਫੂਲ ਹਰਿ ਸਰਿ ਪਾਵਏ ॥ (੯੨੩)

ਉਪਰੋਕਤ ਤੁਕ ਦੇ ਅਰਥ-ਵਿਆਖਿਆ ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਇੰਜ ਕੀਤੀ ਹੈ–

ਅਰਥ :–ਗੁਰੂ (ਤਾਂ) ਪਿੰਡ, ਪਤਲਿ, ਕਿਰਿਆ, ਦੀਵਾ ਅਤੇ ਫੂਲ–ਇਨ੍ਹਾਂ ਸਭਨਾਂ ਨੂੰ ਸਤਸੰਗਤਿ (ਹਰਿ ਸਰਿ) ਵਿਚ ਪਾਉਂਦਾ ਹੈ। ਭਾਵ, ਇਹ ਸਾਰੀਆਂ ਕਿਰਿਆਵਾਂ ਸਤਸੰਗਤ ਵਿਚ ਜੁੜ ਬੈਠਣ ਨਾਲ ਪੂਰੀਆਂ ਹੋਈਆਂ ਸਮਝਦਾ ਹੈ।

**ਹਰਿ ਸਰਿ :–**

੧. ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ, ਹਰਿ ਅੰਮ੍ਰਿਤ 'ਹਰਿਸਰਿ' ਨਾਤੇ ਰਾਮ ॥੪॥੩॥ (੫੩੯)

੨ 'ਹਰਿ ਚਰਣ ਸਰੋਵਰ' ਤਹ ਕਰਹੁ ਨਿਵਾਸੁ ਮਨਾ ॥
ਕਰਿ ਮਜਨੁ 'ਹਰਿਸਰੇ' ਸਭਿ ਕਿਲਬਿਖ ਨਾਸੁ ਮਨਾ ॥੩॥੫॥ (੫੪੫)

੩. ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ 'ਹਰਿਸਰਿ' ਰਹੀ ਭਰਪੂਰੇ ॥੨॥੧॥ (੫੬੮)

੪. ਸੰਗਤਿ ਸੰਤ ਮਿਲਾਏ ॥ 'ਹਰਿਸਰਿ' ਨਿਰਮਲਿ ਨਾਏ ॥੨॥੩॥ (੭੭੪)

੫. ਦੁਰਮਤਿ ਮੈਲੁ ਗਈ ਸਭ ਨੀਕਰਿ ਹਰਿ ਅੰਮ੍ਰਿਤਿ 'ਹਰਿਸਰਿ' ਨਾਤਾ ॥੧॥੨॥ (੯੮੪)

੬ 'ਹਰਿਸਰਿ ਤੀਰਥਿ' ਜਾਣਿ ਮਨੂਆ ਨਾਇਆ ॥੧੮॥ (੧੨੮੬)

ਇਹਨਾਂ ਤੁਕਾਂ ਵਿਚ ਹਰੀ ਦੇ ਚਰਨਾਂ ਨੂੰ, ਗੁਰੂ ਨੂੰ, ਅਤੇ ਸਤਸੰਗ ਨੂੰ 'ਹਰਿਸਰਿ' ਆਖਿਆ ਗਿਆ ਹੈ।

'ਹਰਿਸਰਿ' ਲਫ਼ਜ਼ ਤੋਂ ਛੁੱਟ 'ਅੰਮ੍ਰਿਤਸਰ', 'ਸਤਸਰ', ਆਦਿਕ ਲਫ਼ਜ਼ ਭੀ ਇਸੇ ਹੀ ਭਾਵ ਵਿਚ ਵਰਤੇ ਗਏ ਹਨ।

ਗੁਰਮਤਿ ਦੇ ਇਸ ਸਿਧਾਂਤ ਨੂੰ ਮੁਖ ਰਖ ਕੇ 'ਸਿਖ ਰਹਿਤ ਮਰਯਾਦਾ' ਦੇ ਖਰੜੇ ਵਿਚ ਭਸਮ ਅਸਥੀਆਂ ਜਲ-ਪ੍ਰਵਾਹ ਕਰਨ ਸੰਬੰਧੀ ਪੰਨਾ ੩੦ ਤੇ ਹੇਠ ਲਿਖੀ ਮਰਯਾਦਾ ਨਿਰੂਪਣ ਕੀਤੀ ਹੋਈ ਹੈ :–

(ਕ) ਮਿਰਤਕ ਪ੍ਰਾਣੀ ਦਾ ਅੰਗੀਠਾ ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿਤੀ ਜਾਵੇ, ਜਾਂ ਉਥੇ ਦੀ ਦੱਬ ਕੇ ਜ਼ਿਮੀਂ ਬਰਾਬਰ ਕਰ ਦਿਤੀ ਜਾਵੇ। ਸਸਕਾਰ ਅਸਥਾਨ ਤੇ ਮਿਰਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾ ਹੈ।

(ਖ) ਅਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁੱਢਾ ਮਰਨਾ ਆਦਿ ਕਰਨਾ ਮਨਮਤ ਹੈ। ਅੰਗੀਠੇ ਵਿਚੋਂ **ਫੂਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ।**

ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਕਾਇਮ ਰਖਦੇ ਹੋਏ ਵਿਸਾਖੀ ੧੯੭੮ ਵਾਲੇ ਦਿਨ ਅੰਮ੍ਰਿਤਸਰ ਵਿਚ ਸਿੰਘ ਨਿਰੰਕਾਰੀਆਂ ਵਲੋਂ ਗੋਲ਼ੀਆਂ ਨਾਲ ਉਡਾਏ ਗਏ ਤਾਂ ਉਨ੍ਹਾਂ ਦਾ ਸਸਕਾਰ ਪੰਥਕ ਸਨਮਾਨ ਨਾਲ ਕੀਤਾ ਗਿਆ। ਉਨ੍ਹਾਂ ਦੇ ਸਮੁਚੇ ਅੰਗੀਠੇ (ਭਸਮ-ਅਸਥੀਆਂ) ਨੇੜੇ ਵਗਦੇ ਦਰਿਆ ਬਿਆਸ ਵਿਚ ਪੰਥਕ ਤੌਰ ਤੇ ਜਲ-ਪ੍ਰਵਾਹ ਕੀਤੇ ਗਏ। ਜਲ-ਪ੍ਰਵਾਹ ਕਰਨ ਸਮੇਂ ਅਰਦਾਸ ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਕੀਤੀ ਗਈ, ਜਿਸ ਦੇ ਅੱਖਰ ਇਸ ਪ੍ਰਕਾਰ ਸਨ–

"ਹੇ ਸੱਚੇ ਪਾਤਿਸ਼ਾਹ ! ਗੁਰਮਤਿ ਮਰਯਾਦਾ ਅਨੁਸਾਰ ਸ਼ਹੀਦ ਸਿੰਘਾਂ ਦੇ ਅੰਗੀਠੇ ਨੇੜੇ ਵਗਦੇ ਜਲ ਵਿਚ ਪ੍ਰਵਾਹ ਕੀਤੇ ਜਾ ਰਹੇ ਹਨ। ਸਿੰਘਾਂ ਦੀ ਸ਼ਹੀਦੀ ਤੋਂ ਜਿਥੇ ਕੌਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਦੀ ਭਰਪੂਰ ਪ੍ਰੇਰਨਾ ਮਿਲਦੀ ਰਹੇਗੀ ਉਥੇ ਗੁਰਸਿਖਾਂ ਦੇ ਭਸਮ-ਅਸਤ ਕਿਸੇ ਨਿਸਚਿਤ



www.AKJ.Org

ਅਸਥਾਨ ਤੇ ਲਿਜਾਣ ਦੀ ਬਜਾਏ ਨੇੜੇ ਵਗਦੇ ਜਲ ਵਿਚ ਪ੍ਰਵਾਹ ਕਰਨ ਦੀ ਪ੍ਰੇਰਨਾ ਵੀ ਮਿਲਦੀ ਰਹੇਗੀ। ਸ਼ਹੀਦਾਂ ਨੇ ਇਸ ਗੁਰਮਤਿ ਮਰਯਾਦਾ ਨੂੰ ਉਜਾਗਰ ਕੀਤਾ ਹੈ।''

ਬੜੇ ਖੇਦ ਦੀ ਗੱਲ ਹੈ ਕਿ ਪੰਥ ਦੇ ਮੁਖੀ ਅਤੇ ਖਾਲਸਾ ਰਹਿਤ ਦੇ ਕੇਵਲ ਧਾਰਨੀ ਹੀ ਨਹੀਂ, ਸਗੋਂ ਬਾਕੀਆਂ ਨੂੰ ਰਹਿਤ ਦ੍ਰਿੜ੍ਹ ਕਰਾਉਣ ਵਾਲੇ ਜਥੇਦਾਰ ਸਿੰਘ ਸਾਹਿਬ ਗੁਰਦਿਆਲ ਸਿੰਘ ਜੀ ਅਜਨੋਹਾ ਦੇ ਭਸਮ-ਅਸਤ ਪਤਾਲਪੁਰੀ ਵਿਚ ਲਿਜਾ ਕੇ ਜਲ ਪ੍ਰਵਾਹ ਕਰਦਿਆਂ ਉਪਰੋਕਤ ਗੁਰਮਤਿ ਸਿਧਾਂਤ ਦੀ ਉਲੰਘਣਾ ਕੀਤੀ ਗਈ ਹੈ। ਨਿਜੀ ਤੌਰ ਤੇ ਉਨ੍ਹਾਂ ਦੇ ਪਰਵਾਰ ਵਲੋਂ ਅਜਿਹਾ ਕੀਤੇ ਜਾਣਾ ਕੁਝ ਹੋਰ ਗੱਲ ਹੈ, ਪਰ ਪੰਥਕ ਮੁਖੀਆਂ ਦਾ ਇਸ ਮਨਮਤਿ ਵਿਚ ਸ਼ਾਮਲ ਹੋਣਾ ਕੌਮ ਲਈ ਨਮੋਸ਼ੀ ਦਾ ਕਾਰਨ ਹੈ। ਅਸੀਂ ਪੰਥਕ ਮੁਖੀਆਂ ਦੇ ਇਸ ਮਨਮਤਿ ਵਿਚ ਪ੍ਰਵਿਤਰ ਹੋਣ ਅਤੇ ਗ਼ਲਤ ਲੀਹਾਂ ਪਾਉਣ ਵਿਰੁਧ ਜ਼ੋਰਦਾਰ ਪ੍ਰੋਟੈਸਟ ਕਰਦੇ ਹਾਂ।

# ਖ਼ਾਲਸੇ ਨੇ ਵਿਗੜੀ ਸੰਵਾਰੀ ਹਿੰਦੁਸਤਾਨ ਦੀ

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ ਜ਼ਿ: ਗੁੜਗਾਉਂ]

ਫੁਟ ਚੰਦਰੀ ਨੇ ਜਦੋਂ ਹਿੰਦੂ ਬਲਧਾਰੀ ਕੌਮ, ਕੀਤੀ ਸੀ ਨਿਤਾਣੀ ਆ ਕੇ ਸਾਰੀ ਹਿੰਦੁਸਤਾਨ ਦੀ।
ਬਾਹੂ ਬਲ ਗਿਆ ਤਖ਼ਤ ਤਾਜ ਐਸ਼ਵਰਜ ਲੁੱਟੇ, ਉਜੜਦੀ ਗਈ ਫੁਲਵਾੜੀ ਹਿੰਦੁਸਤਾਨ ਦੀ।
ਹੱਥ ਆਇਆ ਦੇਸ਼ ਜਰਵਾਣੇ ਇਮਲਾਮੀਆਂ ਦੇ, ਉਨ੍ਹਾਂ ਪਤ ਆਬਰੂ ਉਜਾੜੀ ਹਿੰਦੁਸਤਾਨ ਦੀ।
ਚੰਗੇਜ਼, ਤੈਮੂਰ ਤੇ ਮਹਿਮੂਦ ਜਹੇ ਜ਼ਾਲਮਾਂ ਨੇ, ਲੁੱਟੀ ਪੁੱਟੀ ਕੁੱਟੀ ਜਨਤਾ ਸਾੜੀ ਹਿੰਦੁਸਤਾਨ ਦੀ।
ਮੁਗ਼ਲਾਂ ਮੁਤੱਸਬੀਆਂ, ਅਯਾਸ਼ ਅਬਦਾਲੀਆਂ ਨੇ, ਰਹੀ ਸਹੀ ਲਾਜ ਪਤ ਪਾੜੀ ਹਿੰਦੁਸਤਾਨ ਦੀ।
ਮਾਰਾਂ ਖਾ ਖਾ ਯੋਧੇ ਜਰਨੈਲ ਚੁੱਪ ਸਾਧ ਬੈਠੇ, ਖ਼ਾਲਸੇ ਨੇ ਵਿਗੜੀ ਸੰਵਾਰੀ ਹਿੰਦੁਸਤਾਨ ਦੀ।੧।
ਉਹ ਵੀ ਹੈਸੀ ਵੇਲਾ ਜਦੋਂ ਇਕ ਇਕ ਮੁਗ਼ਲ ਆ ਕੇ, ਸੌ ਸੌ ਹਿੰਦੂ ਲੜਕੀਆਂ ਲਿਜਾਂਦਾ ਅੱਗੇ ਲਾਇ ਕੇ।
ਖ਼ੂਨ ਹੰਝੂ ਰੋਂਦੀਆਂ ਨਿਮਾਣੀਆਂ ਨਿਤਾਣੀਆਂ ਸੀ, ਕੌਣ ਫ਼ਰੀਆਦ ਸੁਣੇ 'ਮਿੱਤਰ' ਉੱਥੇ ਆਇ ਕੇ।
ਰਿਸ਼ੀ ਮੁਨੀ ਸੰਤ ਤੇ ਫ਼ਕੀਰ ਸਭ ਸੌਂ ਗਏ ਸੀ, ਕੰਦਰਾਂ 'ਚ ਵੜੇ ਮੂੰਹ ਚਾਦਰੀਂ ਛੁਪਾਇ ਕੇ।
ਧਨ ਮਾਲ ਜੋਬਨ ਸੁੰਦਰਤਾ ਮਿੱਟੀ ਵਿੱਚ ਰੁੱਲੇ, ਜੋ ਵੀ ਆਇਆ ਧਾੜਵੀ ਉਹ ਲੈ ਗਿਆ ਉਠਾਇ ਕੇ।
ਘਰ ਘਰ ਪਿੱਟਣੇ ਤੇ ਪੈਂਦੇ ਵੈਣ ਕੀਰਨੇ ਸੀ, ਹਰ ਪਾਸੇ ਵਾਜ ਹੈਸੀ ਰੋਣ ਕੁਰਲਾਣ ਦੀ।
ਕਿਸੇ ਨੇ ਵੀ ਧੀਰਜ ਨ ਰੋਂਦਿਆਂ ਨੂੰ ਆਣ ਦਿੱਤਾ, ਖ਼ਾਲਸੇ ਨੇ ਵਿਗੜੀ ਸੰਵਾਰੀ ਹਿੰਦੁਸਤਾਨ ਦੀ।੨।
ਆਉਂਦੇ ਸਨ ਧਾੜਵੀ ਜੋ ਟੱਪ ਦੱਰਾ ਖ਼ੈਬਰ ਨੂੰ, ਦੰਦ ਭੰਨੇ ਉਨ੍ਹਾਂ ਦੇ ਉਹ ਸਦੀਵੀ ਮਾਰ ਖਾ ਗਏ।
ਪਰਤ ਕੇ ਨ ਆਏ ਭਾਰਤ ਸੀਮਾ ਨੂੰ ਉਲਾਂਘ ਕੇ ਤੇ, 'ਨਾਦਰ' ਅਬਦਾਲੀਆਂ ਦੇ ਪੁੱਤ ਘਬਰਾ ਗਏ।
ਖੇਤ ਵਿਚ ਰੱਖ ਕੇ ਚਖਾਇਆ ਫਲ ਜ਼ਾਲਮਾਂ ਨੂੰ, ਬਚੇ ਜੇਹੜੇ ਭੱਜ ਗਏ ਕਰਾਰੇ ਫਟ ਖਾ ਗਏ।
ਰੋਂਦੀਆਂ ਅਬਦਾਲਣਾਂ ਪਠਾਣੀਆਂ ਸੀ ਢਾਹੀਂ ਮਾਰ, ਮੁੜ ਕੇ ਨਾ ਗਏ ਪੁੱਤਰ ਘਰੀਂ ਮਾਤਮ ਛਾ ਗਏ।
ਖੰਡੇ ਧਾਰ ਪਾਹੁਲ ਦੇ ਪਿਆਕ ਖ਼ਾਲਸੇ ਨੂੰ ਜਿਸ, ਜਦੋਂ ਜਦੋਂ ਪਾਈ ਆ ਦੁਹਾਈ ਅਣਖ ਆਣ ਦੀ।
ਗੱਜਿਆ ਤੇ ਕੁੱਦਿਆ ਜਾ ਤੁਰਤ ਰਣਖੇਤ ਵਿਚ, ਪਲਾਂ ਵਿਚ ਵਿਗੜੀ ਸੰਵਾਰੀ ਹਿੰਦੁਸਤਾਨ ਦੀ।੩।
ਖ਼ਾਲਸੇ ਦੀ ਸਾਜਨਾ ਜੇ ਕਰਦੇ ਨਾ ਦਸਮੇਸ਼ ਗੁਰੂ, ਕਾਫ਼ਰਾਂ ਮਲੇਛਾਂ ਦਾ ਹਰ ਪਾਸੇ ਫ਼ੁਰਮਾਨ ਹੁੰਦਾ।
ਧੋਤੀ ਅਤੇ ਚੋਟੀ ਦਾ ਨਿਸ਼ਾਨ ਨਹੀਂ ਲਭਣਾ ਸੀ, ਭਾਰਤ ਦਾ ਹਰ ਇਕ ਬੰਦਾ ਮੁਸਲਮਾਨ ਹੁੰਦਾ।
ਹਰ ਪਾਸੇ ਮਸਜਦਾਂ ਤੇ ਦਿਸਦੀਆਂ ਈਦਗਾਹਾਂ, ਕੋਈ ਅਲ੍ਹਾਦੀਨ ਕੋਈ 'ਅਬਦੁੱਲਾ ਖ਼ਾਨ' ਹੁੰਦਾ।
ਵੇਦ ਤੇ ਪੁਰਾਣ ਹਿੰਦੂ ਸੰਸਕ੍ਰਿਤੀ ਲੋਪ ਹੁੰਦੀ, ਗ੍ਰੰਥਾਂ ਦੀ ਥਾਂ ਤੇ 'ਮਿੱਤਰ' ਬਗ਼ਲ ਵਿਚ ਕੁਰਾਨ ਹੁੰਦਾ।
ਮੰਦਰਾਂ ਸ਼ਿਵਾਲਿਆਂ ਤੇ ਘੰਟੇ ਕਦੀ ਖੜਕਦੇ ਨਾ, ਹਰ ਪਾਸੇ ਵਾਜ ਹੁੰਦੀ ਅੱਲਾ ਸੁਬਹਾਨ ਦੀ।
ਬਾਜ਼ੀ ਲਾ ਕੇ ਸਿਰਾਂ ਦੀ ਤੇ ਆਪਾ **ਕੁਰਬਾਨ ਕਰ, ਖ਼ਾਲਸੇ** ਨੇ ਵਿਗੜੀ ਸੰਵਾਰੀ ਹਿੰਦੁਸਤਾਨ ਦੀ।੪।



www.AKJ.Org

# ਆਓ, ਗੁਰੂ ਵਾਲੇ ਬਣੀਏ !

[ਵਲੋਂ—ਸ: ਚੰਚਲ ਸਿੰਘ ਜੀ, ਨਾਗਪੁਰ]

ਹਰ ਗੁਰਸਿੱਖ ਦਾ, ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸਿੰਘ ਕਹਿਲਾਂਦਾ ਹੈ, ਫ਼ਰਜ਼ ਬਣਦਾ ਹੈ ਕਿ ਆਪਣੇ ਧਰਮ ਤੇ ਪੰਥ ਦੀ ਰਖਿਆ ਲਈ ਉੱਠ ਖੜਾ ਹੋਵੇ ।

ਸਾਡਾ ਵਿਰਸਾ ਤੇ ਇਤਿਹਾਸ ਅਣਖ ਨਾਲ ਭਰਿਆ ਪਿਆ ਹੈ । ਸਾਡੇ ਬਜ਼ੁਰਗਾਂ ਨੇ ਅਤੇ ਖਾਸ ਕਰਕੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਉਹ ਕੁਰਬਾਨੀਆਂ ਕੀਤੀਆਂ, ਜੋ ਸੰਸਾਰ ਦੇ ਕਿਸੇ ਧਰਮ ਵਿਚ ਨਹੀਂ ਮਿਲਦੀਆਂ । ਅਣਖ ਜਿਸ ਨੂੰ ਕਹਿੰਦੇ ਹਨ, ਉਹ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਤੋਂ ਪਤਾ ਲਗਦੀ ਹੈ । ਕੁਰਬਾਨੀਆਂ ਦਾ ਇਹ ਵਿਰਸਾ ਉਹਨਾਂ ਨੂੰ ਪਿਤਾ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਤੋਂ ਮਿਲਿਆ ਸੀ ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜਿਥੇ ਕਾਮਿਲ ਮਰਦ, ਸੰਤ ਸਿਪਾਹੀ, ਬਾਦਸ਼ਾਹ ਦਰਵੇਸ਼ ਸਨ ਉਥੇ ਭਾਰੀ ਦੂਰਅੰਦੇਸ਼ ਮਹਾਂਪੁਰਸ਼ ਸਨ । ਭੂਤ ਭਵਿਖ ਦੇ ਜਾਣੂ ਸਤਿਗੁਰੂ ਜੀ ਦੀ ਇਹ ਕਿੰਨੀ ਭਾਰੀ ਦੂਰਅੰਦੇਸ਼ੀ ਸੀ, ਜੁ ਉਹ ਸਾਨੂੰ ਸਮੁੱਚੇ ਖਾਲਸਾ ਪੰਥ ਨੂੰ ਗੁਰੂ ਗਰੰਥ ਸਾਹਿਬ ਜੀ ਨਾਲ ਜੋੜ ਗਏ । ਉਹ ਜਾਣਦੇ ਸਨ ਕਿ ਉਹਨਾਂ ਦੇ ਮਗਰੋਂ ਕਈ ਗੁਰੂ ਬਣ ਬੈਠਣਗੇ, ਜੋ ਪੰਥ ਨੂੰ ਗੁਮਰਾਹ ਕਰਨਗੇ ।

ਜਦ ਦਾ ਸੰਸਾਰ ਬਣਿਆ ਹੈ, ਆਪਣੇ ਸੁਆਰਥ ਲਈ ਭੇਖੀ ਗੁਰੂ ਲੋਕਾਂ ਨੂੰ ਆਪਣੇ ਆਪਣੇ ਚੁੰਗਲ ਵਿਚ ਫਸਾਂਦੇ ਆਏ ਹਨ । ਅਗਰ ਕੁਝ ਭਲੇ ਆਦਮੀ ਨਿਤਰੇ ਵੀ ਤਾਂ ਉਹਨਾਂ ਆਪਣਾ ਹੀ ਨਾਮ ਜਪਾਣਾ ਸ਼ੁਰੂ ਕਰ ਦਿਤਾ । ਇਹ ਸਿਫ਼ਤ ਸਿਰਫ਼ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਵਿਚ ਹੀ ਰਹੀ ਜੁ ਉਹਨਾਂ ਲੁਕਾਈ ਨੂੰ ਅਕਾਲ ਪੁਰਖ ਨਾਲ ਜੋੜਿਆ । ਉਹਨਾਂ ਕਿਧਰੇ ਨਾਮ ਮਾਤਰ ਵੀ ਆਪਣੀ ਵਡਿਆਈ ਨਹੀਂ ਜਿਤਲਾਈ । ਜੋ ਮਿਸਾਲ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦੁਨੀਆ ਅਗੇ ਰਖੀ, ਉਹ ਲਾਸਾਨੀ ਹੈ । ਉਹਨਾਂ ਆਪਣੇ ਸਾਜੇ ਨਿਵਾਜੇ ਪੰਜ ਪਿਆਰਿਆਂ ਨੂੰ ਆਪਣੇ ਤੋਂ ਵਧ ਰੁਤਬਾ ਦਿਤਾ । ਐਸੀ ਮਿਸਾਲ ਦੁਨੀਆ ਦੇ ਕਿਸੇ ਰਹਿਬਰ ਕੋਲੋਂ ਵੀ ਕਾਇਮ ਨਾਂਹ ਹੋ ਸਕੀ ।

ਗੁਰੂ ਗਰੰਥ ਸਾਹਿਬ ਜੀ ਸਾਡੇ ਜੀਉਂਦੇ ਜਾਗਦੇ ਗੁਰੂ ਹਨ । ਸਾਡੇ ਹਰ ਸਵਾਲ ਦਾ ਜਵਾਬ ਦੇਂਦੇ ਹਨ । ਸਾਰੇ ਸੰਸਾਰ ਦਾ ਗਿਆਨ ਗੁਰੂ ਗਰੰਥ ਸਾਹਿਬ ਜੀ ਵਿਚ ਹੈ । ਮਹਾਰਾਜ ਨੇ ਸਾਡੇ ਤੇ ਐਡੀ ਕਿਰਪਾ ਕੀਤੀ ਹੈ ਕਿ ਸਾਨੂੰ ਕਿਧਰੇ ਭਟਕਣ ਦੀ ਲੋੜ ਨਹੀਂ ਛੱਡੀ । ਸਾਨੂੰ ਜੋ ਕੁਝ ਵੀ ਚਾਹੀਦਾ ਹੈ, ਉਹ ਗੁਰੂ ਗਰੰਥ ਸਾਹਿਬ ਜੀ ਵਿਚ ਹੈ । ਜਦ ਕਦੇ ਵੀ ਅਸੀਂ ਕੋਈ ਸਵਾਲ ਪੁਛਣਾ ਚਾਹੁੰਦੇ ਹਾਂ ਤਾਂ ਸਾਨੂੰ ਸਪਸ਼ਟ ਜਵਾਬ ਮਿਲਦਾ ਹੈ । ਸਾਡਾ ਹਿਰਦਾ ਸ਼ੁਧ ਹੋਵੇ ਤਾਂ ਮਹਾਰਾਜ ਦੀ ਤਾਬਿਆ ਬੈਠ ਕੇ ਗੱਲਾਂ ਬਾਤਾਂ ਵੀ ਹੁੰਦੀਆਂ ਹਨ ।

ਇਹ ਠੀਕ ਹੈ ਕਿ ਸਾਧਾਰਨ ਬੰਦਿਆਂ ਤੋਂ ਉਚੇ ਬੰਦੇ ਵੀ ਹਨ, ਜੋ ਨੇਕ ਜੀਵਨ ਬਸਰ ਕਰਦੇ ਹਨ ਤੇ ਲੋਕਾਂ ਨੂੰ ਨੇਕ ਜੀਵਨ ਬਸ਼ਰ ਕਰਨ ਦੇ ਰਾਹ ਤੇ ਤੋਰਦੇ ਹਨ । ਅਸੀਂ ਉਹਨਾਂ ਨੂੰ ਸਤਿਕਾਰ ਵਜੋਂ ਸਾਧੂ, ਸੰਤ ਕਹਿ ਕੇ ਯਾਦ ਕਰਦੇ ਹਾਂ, ਕਿਉਂ ਜੁ ਉਹ ਸਾਡੇ ਨਾਲੋਂ ਉਚੇ ਹਨ। ਹਰ ਨੇਕ ਬੰਦੇ ਦਾ ਜਾਂ ਤਿਆਗੀ ਦਾ ਸਤਿਕਾਰ ਕਰਨਾ ਸਾਡਾ ਫ਼ਰਜ਼ ਹੈ । ਪਰ ਸਤਿਕਾਰ ਕਰਦੇ-ਕਰਦੇ ਅਸੀਂ ਇਹ ਨਹੀਂ ਭੁਲ ਜਾਣਾ ਕਿ ਉਹ ਸਾਡੇ ਵਰਗੇ ਹੀ ਬੰਦੇ ਹਨ । ਕੋਈ ਕਿਤਨਾ ਵੀ ਉਚਾ ਹੋਵੇ; ਉਹ ਗੁਰੂ ਨਾਨਕ ਦੇਵ ਜਾਂ ਗੁਰੂ ਗੋਬਿੰਦ ਸਿੰਘ ਨਹੀਂ ਬਣ ਸਕਦਾ । ਸੱਚਾ ਸਾਧੂ ਸੰਤ ਸਤਿਗੁਰੂ ਨਾਨਕ ਹੀ ਹੈ, ਹੋਰ ਕੋਈ ਨਹੀਂ ।

ਅਗਰ ਕੋਈ ਆਪਣੇ ਆਪ ਨੂੰ ਸੰਤ ਅਖਵਾਂਦਾ ਗੁਰੂ ਪਾਤਸ਼ਾਹ ਜੀ ਦੀ ਬਰਾਬਰੀ ਕਰਦਾ ਹੈ ਜਾਂ ਸਾਡੇ ਵਰਗੇ ਕਮ-ਅਕਲ ਕਿਸੇ ਅਜਿਹੇ ਸੰਤ ਨੂੰ ਉਹਨਾਂ ਦੇ ਬਰਾਬਰ ਸਮਝਦੇ ਹਨ ਤਾਂ ਦੋਵੇਂ ਹੀ ਜ਼ਬਰਦਸਤ ਭੁਲ ਕਰ ਰਹੇ ਹਨ ।



www.AKJ.Org

ਬਦਕਿਸਮਤੀ ਨਾਲ ਮੇਰੇ ਖ਼ਾਨਦਾਨ ਵਿਚ ਵੀ ਕੋਈ ਬਹੁਰੂਪੀਏ ਰਾਧਾ ਸਵਾਮੀ ਬਣੇ ਬੈਠੇ ਹਨ, ਜੋ ਸ਼ਕਲ ਤੋਂ ਤਾਂ ਗੁਰਸਿੱਖ ਦਿਸਦੇ ਹਨ। ਉਹ ਹਰ ਸ਼ਾਦੀ, ਵਿਵਾਹ, ਦੁਖ-ਸੁਖ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਓਟ ਲੈਂਦੇ ਹਨ। ਲੋਕਾਂ ਨੂੰ ਦਸਣ ਲਈ ਗੁਰਦੁਆਰੇ ਵੀ ਜਾਂਦੇ ਹਨ। ਪਰ ਗੁਰੂ ਗਰੰਥ ਸਾਹਿਬ ਜੀ ਨੂੰ ਗੁਰੂ ਨਹੀਂ ਮੰਨਦੇ। ਗੁਰੂ ਉਹ ਰਾਧਾ ਸਵਾਮੀ ਵਿਅਕਤੀ ਨੂੰ ਕਹਿੰਦੇ ਹਨ। ਪੰਜਾਹ ਸਾਲ ਤਕ ਮੈਂ ਆਪਣੇ ਵਡਿਆਂ ਦਾ ਇਹ ਬਹੁਰੂਪਿਆਪਨ ਦੇਖਦਾ ਰਿਹਾ, ਕੁਝ ਫ਼ੈਸਲਾ ਨਾਂਹ ਕਰ ਸਕਿਆ ਕਿ ਨਾਮ ਲਵਾਂ ਜਾਂ ਅੰਮ੍ਰਿਤ ਪਾਨ ਕਰਾਂ। ਮਨ ਬਹੁਤ ਹੀ ਦੁਬਿਧਾ ਵਿਚ ਫਸਿਆ ਰਿਹਾ, ਜਦ ਆਪਣੇ ਵਡਿਆਂ ਦੇ ਰੂਪ ਦੇਖਦਾ ਤਾਂ ਬੜਾ ਹੀ ਦੁਖ ਤੇ ਰੋਹ ਚੜ੍ਹਦਾ। ਪਰ ਹਰ ਕੁਝ ਦਾ ਅੰਤ ਹੁੰਦਾ ਹੈ। ਅਖ਼ੀਰ ਫ਼ੈਸਲੇ ਦੀ ਘੜੀ ਆ ਗਈ।

ਪਿਛਲੇ ਸਾਲ ਜਦ ਮੈਂ ਸ੍ਰੀ ਹੇਮਕੁੰਟ ਸਾਹਿਬ ਜੀ ਦੀ ਪਾਵਨ ਯਾਤਰਾ ਤੇ ਜਾਣ ਲਗਾ ਤਾਂ ਅਸਲ ਤਸਵੀਰ ਮੇਰੇ ਸਾਹਮਣੇ ਆ ਗਈ। ਮੈਂ ਆਪਣੇ ਵਡਿਆਂ ਵਿਚੋਂ ਕਈਆਂ ਨੂੰ ਅਰਜ਼ ਕੀਤੀ ਕਿ ਚਲੋ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਤਪੋ ਅਸਥਾਨ ਦੇ ਦਰਸ਼ਨ ਕਰ ਆਈਏ।ਤਾਂ ਉਹਨਾਂ ਇਹ ਜਵਾਬ ਦਿਤਾ ਕਿ ਸਾਡਾ ਹੇਮਕੁੰਟ ਰਾਧਾ ਸਵਾਮੀ ਗੁਰੂ ਹੈ। ਇਹ ਜਵਾਬ ਸੁਣ ਕੇ ਮੇਰੇ ਹਿਰਦੇ ਵਿਚ ਬੜਾ ਰੋਸ਼ ਪ੍ਰਗਟ ਹੋਇਆ। ਮਨ ਬੜਾ ਹੀ ਵਿਆਕੁਲ ਹੋਇਆ। ਪਰ ਇਹ ਚੰਗਾ ਹੋਇਆ ਕਿ ਸਚਾਈ ਬਾਹਰ ਆ ਗਈ। ਇਸ ਘਟਨਾ ਮਗਰੋਂ ਇਕ ਦਿਨ ਮੈਂ ਨਿਮੋਝੂਣਾ ਹੋ ਕੇ ਅਰਦਾਸ ਕੀਤੀ ਕਿ ਮਹਾਰਾਜ, ਇਸ ਨੀਚ ਤੇ ਤਰਸ ਕਰੋ ਤੇ ਸਹੀ ਰਾਹ ਦਸੋ। ਹੁਕਮ ਹੋਇਆ ਕਿ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਪਾਨ ਕਰੋ। ਦਾਸ ਨੇ ਉਸੇ ਵੇਲੇ ਦੋਨੋਂ ਹੱਥ ਜੋੜ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਤੇ ਮੌਕਾ ਮਿਲਦਿਆਂ ਹੀ ਅੰਮ੍ਰਿਤ ਦੀ ਦਾਤ ਲਈ ਤੇ ਸਹੀ ਮਾਹਨਿਆਂ ਵਿਚ ਸਿੰਘ ਸਜ ਗਿਆ।

ਪਹਿਲੇ ਵੀ ਵਾਹਿਗੁਰੂ ਦੇ ਜਾਪ ਵਿਚ ਅਨੰਦ ਮਿਲਦਾ ਸੀ, ਪਰ ਜਦ ਦਾ ਅੰਮ੍ਰਿਤ ਪਾਨ ਕੀਤਾ ਹੈ ਵਾਹਿਗੁਰੂ ਦੇ ਸਿਮਰਨ ਵਿਚ ਅਨੋਖਾ ਹੀ ਅਨੰਦ ਮਿਲਦਾ ਹੈ। ਅੰਮ੍ਰਿਤ ਪਾਨ ਕਰਨ ਮਗਰੋਂ ਜ਼ਿੰਦਗੀ ਹੀ ਬਦਲ ਗਈ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਹਰ ਸਮੇਂ ਨਾਲ ਹੀ ਖੜੇ ਹਨ। ਮੇਰੇ ਦਿਲ ਵਿਚ ਹੁਣ ਇਕ ਅਰਮਾਨ ਹੈ ਕਿ ਮੈਂ ਆਪਣੇ ਖ਼ਾਨਦਾਨ ਦੇ ਭੁਲਿਆਂ ਬੰਦਿਆਂ ਨੂੰ ਠੀਕ ਰਸਤੇ ਲਿਆ ਸਕਾਂ, ਤਾਂ ਉਹ ਬਹੁਰੂਪਿਆਪਨ ਛਡ ਕੇ 'ਇਕ' ਦੇ ਬਣਨ ਤੇ ਸੱਚੇ ਮਾਰਗ ਤੇ ਚਲਣਾ ਸ਼ੁਰੂ ਕਰਨ।

ਇਕ ਮਸ਼ਹੂਰ ਕਹਾਵਤ ਹੈ, ਦੋ ਕਿਸ਼ਤੀਆਂ ਵਿਚ ਪੈਰ ਰਖਣ ਵਾਲਾ, ਕਦੀ ਪਾਰ ਨਹੀਂ ਪਹੁੰਚਿਆ। ਪਹਿਲਾਂ ਤਾਂ ਮੈਨੂੰ ਆਪਣੇ ਆਪ ਤੇ ਅਫ਼ਸੋਸ ਹੁੰਦਾ ਹੈ ਕਿ ਪੰਜਾਹ ਸਾਲ ਤਕ ਮੈਂ ਵੀ ਭੇਖੀ ਬਣਿਆ ਰਿਹਾ। ਪਰ ਜਦ ਮਹਾਰਾਜ ਦੀ ਮਿਹਰ ਨਾਲ ਅਗਿਆਨਤਾ ਦਾ ਪੜਦਾ ਲੱਥਾ ਹੈ, ਗੁਰੂ ਦੇ ਦਸੇ ਮਾਰਗ ਤੇ ਚਲਣ ਦੀ ਕੋਸ਼ਿਸ਼ ਜ਼ਰੂਰ ਕਰ ਰਿਹਾ ਹਾਂ। ਆਪਣਿਆਂ ਵਡਿਆਂ ਨਾਲ, ਜੋ ਬਹੁ ਰੂਪ ਧਾਰ ਕੇ ਬੈਠੇ ਹਨ, ਮੇਰਾ ਧਰਮ ਯੁਧ ਸ਼ੁਰੂ ਹੈ।

ਵਡੇ ਅਗਰ ਚੰਗੀਆਂ ਗੱਲਾਂ ਤੇ ਚੰਗੇ ਪਾਸੇ ਲਾਂਦੇ ਹਨ ਤਾਂ ਹੀ ਵਡੇ ਹਨ। ਗੁਰਸਿਖੀ ਵਿਚ ਗੁਰਮਤਿ ਮੁਖ ਹੈ। ਛੋਟੇ ਸਾਹਿਬਜ਼ਾਦਿਆਂ ਉਹ ਕਾਰਨਾਮੇ ਤੇ ਕੁਰਬਾਨੀ ਕੀਤੀ ਕਿ 'ਬਾਬਾ' ਜੋਰਾਵਰ ਸਿੰਘ ਤੇ 'ਬਾਬਾ' ਫ਼ਤਹ ਸਿੰਘ ਬਣ ਗਏ, ਤੇ ਗੰਗਾਰਾਮ ਬ੍ਰਾਹਮਣ, ਵੱਡੀ ਉਮਰ ਵਾਲਾ ਆਪਣੀ ਅਕ੍ਰਿਤਘਣਤਾ ਕਰਕੇ ਗੰਗੂ ਬਣ ਗਿਆ। ਇਹ ਇਤਿਹਾਸਕ ਸੱਚਾਈਆਂ ਹਨ ਤੇ ਜਦ ਤਕ ਸੰਸਾਰ ਹੈ, ਯਾਦ ਕੀਤੀਆਂ ਜਾਣਗੀਆਂ।

ਗੁਰੂ ਮਹਾਰਾਜ ਨੇ ਮੇਰੀਆਂ ਅੱਖਾਂ ਖੋਲ੍ਹੀਆਂ। ਮੈਂ ਵੀਚਾਰ ਕੀਤੀ ਕਿ ਮੇਰੇ ਖ਼ਾਨਦਾਨ ਦੇ ਬੰਦੇ ਕਿਉਂ ਭਟਕ ਰਹੇ ਹਨ। ਵੱਡਾ ਕਾਰਨ ਮੈਨੂੰ ਇਹ ਦਿਸਿਆ ਕਿ ਸਾਡੇ ਸਾਰੇ ਖ਼ਾਨਦਾਨ ਵਿਚ ਕਿਸੇ ਵੀ ਘਰ ਵਿਚ ਗੁਰਮਤਿ ਦਾ ਕੋਈ ਵੀ ਪਤਰ ਨਹੀਂ ਆਉਂਦਾ। ਗੁਰੂ ਨੂੰ ਅਰਦਾਸ ਕਰ ਕੇ ਦਾਸ ਨੇ ਇਹ ਕਾਰਜ ਅਰੰਭ ਕੀਤਾ ਕਿ ਖ਼ਾਨਦਾਨ ਦੇ ਹਰ ਘਰ ਵਿਚ ਘਟ ਤੋਂ ਘਟ ਇਕ ਗੁਰਮਤਿ ਪਤਰ ਜ਼ਰੂਰ ਆਉਣਾ ਚਾਹੀਦਾ ਹੈ,ਤਾਂ ਕਿ ਸਾਡੇ



www.AKJ.Org

# ਭਾਈ ਭਗੀਰਥ ਅਤੇ ਭਾਈ ਮਨਸੁਖ

[ਵਲੋਂ—ਬੀਬੀ ਦਲਜੀਤ ਕੌਰ ਜੀ, ਅੰਮ੍ਰਿਤਸਰ]

ਗੁਰਸਿਖ ਮਨਿ ਪਰਗਾਸ ਹੈ, ਪਿਰਮ ਪਿਆਲਾ ਅਜਰੁ ਜਰੰਦੇ ॥
ਪਾਰਬ੍ਰਹਮੁ ਪੂਰਨ ਬਹਮੁ, ਬ੍ਰਹਮੁ ਬਿਬੇਕੀ ਧਿਆਨੁ ਧਰੰਦੇ ॥
ਸਬਦ ਸੁਰਤਿ ਲਿਵਲੀਣ ਹੋਇ, ਅਕਥ ਕਥਾ ਗੁਰ ਸਬਦ ਸੁਣੰਦੇ ॥
ਭੂਤ ਭਵਿਖਹੁ ਵਰਤਮਾਨ, ਅਬਿਗਤਿ ਗਤਿ ਅਤਿ ਅਲਖ ਲਖੰਦੇ ॥
ਗੁਰਮੁਖਿ ਸੁਖ ਫਲੁ ਅਛਲੁ ਛਲੁ,ਭਗਤਿ ਵਛਲੁ ਕਰਿ ਅਛਲੁ ਛਲੰਦੇ ॥
ਭਵਜਲ ਅੰਦਰਿ ਬੋਹਿਥੈ, ਇਕਸ ਪਿਛੇ ਲਖ ਤਰੰਦੇ ॥
ਪਰਉਪਕਾਰੀ ਮਿਲਨਿ ਹਸੰਦੇ ॥੧੪॥ (੬) ਵਾਰਾਂ ਭਾਈ ਗੁਰਦਾਸ ਜੀ

ਸੁਲਤਾਨਪੁਰ ਦੇ ਨੇੜੇ ਮੈਲਸੀਹਾਂ ਨਾਮ ਕਰਕੇ ਇਕ ਪਿੰਡ ਹੈ । ਉਥੇ ਕਾਲਿਕਾ ਦੇਵੀ ਦਾ ਇਕ ਉਪਾਸ਼ਕ ਭਗੀਰਥ ਰਹਿੰਦਾ ਸੀ । ਉਹ ਕਾਲੀ ਮਾਂ ਦੇ ਅਨੇਕਾਂ ਨਾਮ ਲੈ ਕੇ, ਭੋ ਭਵਾ ਭਵਾਨੀ, ਜਗਦੰਬਾ, ਅਸ਼ਟਭੁਜੀ ਅਸ਼ਟਾਯੁਧ, ਸਿੰਘ ਬਾਹਨੀ, ਭਾਵ, ਸ਼ੇਰ ਦੀ ਸਵਾਰੀ ਕਰਨ ਵਾਲੀ ਇਤਿਆਦਕ ਨਾਮ ਲੈ ਲੈ ਪੁਕਾਰਦਾ ਤੇ ਪੂਜਾ ਕਰਦਾ ਸੀ । ਉਹ ਦੇਵੀ ਤੋਂ ਅਗਿਆਨਤਾ ਦੇ ਅੰਧੇਰੇ ਨੂੰ ਦੂਰ ਕਰਨ ਦੀ ਇਛਾ ਰਖਦਾ ਸੀ ।

ਇਕ ਦਿਨ ਭਗੀਰਥ ਬੜੇ ਸੁਚ ਸੰਜਮ ਨਾਲ ਦੇਵੀ ਦੇ ਮੰਦਰ ਵਿਚ ਗਿਆ । ਉਥੇ ਬੈਠਿਆਂ ਅਤੇ ਪੂਜਾ ਤੇ ਪੁਕਾਰਾਂ ਕਰਦਿਆਂ ਸਾਰਾ ਦਿਨ ਬਤੀਤ ਹੋ ਗਿਆ, ਅਧੀ ਰਾਤ ਵੀ ਲੰਘ ਗਈ, ਨਾ ਇਸ ਨੇ ਕੁਛ ਖਾਣਾ ਪੀਣਾ ਕੀਤਾ ਅਤੇ ਨਾ ਹੀ ਨੀਂਦਰ ਲਈ । ਅਖੀਰ ਅਧੀ ਰਾਤ ਬੀਤਣ ਪਿਛੋਂ ਇਸ ਨੂੰ ਕੁਛ ਆਲਸ ਆਉਣ ਲਗਾ ਤਾਂ ਅੱਖਾਂ ਦੀਆਂ ਪਲਕਾਂ ਜੁੜ ਗਈਆਂ ਅਤੇ ਸੁਪਨੇ ਵਿਚ ਚੰਡਿਕਾ ਨੇ ਦਰਸ਼ਨ ਦਿਤੇ ਅਤੇ ਕਿਹਾ ਕਿ ਤੈਨੂੰ ਆਤਮਕ ਅਨੰਦ ਅਤੇ ਮੁਕਤ ਪਦ ਪ੍ਰਾਪਤ ਹੋਵੇਗਾ, ਪਰ ਹੋਵੇਗਾ ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ । ਇਸ ਪਦ ਦੀ ਪ੍ਰਾਪਤੀ ਓਹ ਹੀ ਕਰਵਾ ਸਕਦੇ ਹਨ । ਓਹ ਕਰਤਾਰ ਦਾ ਹੀ ਸਰੂਪ ਹਨ ਅਤੇ ਮਨੁਖੀ ਜਾਮੇ ਵਿਚ ਐਸ ਵਕਤ ਸੁਲਤਾਨਪੁਰ ਵਿਚ ਦੁਕਾਨ ਕਰਦੇ ਹਨ । ਉਨ੍ਹਾਂ ਦੀ ਚਰਨੀਂ ਲਗ । ਸਾਰੇ ਸੰਸਾਰ ਦਾ ਉਧਾਰ ਸੁਖੈਨ ਤੇ ਸਿਧੇ ਰਸਤੇ ਪਾਉਣ ਲਈ ਅਤੇ ਪ੍ਰਭੂ-ਭਗਤੀ ਵਿਚ ਲੀਨ ਕਰਨ ਲਈ ਉਨ੍ਹਾਂ ਨੇ ਤਲਵੰਡੀ ਵਿਚ ਪਿਤਾ ਮਹਿਤਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਅਵਤਾਰ ਧਾਰਿਆ ਹੈ । ਪ੍ਰਾਣਾਂ ਦੇ ਅਖੀਰ ਤਕ ਉਨ੍ਹਾਂ

---

[ਸਫ਼ਾ ੩੮ ਦੀ ਬਾਕੀ]

ਵਡਿਆਂ ਨੂੰ, ਮਾਵਾਂ ਨੂੰ, ਭੈਣਾਂ ਨੂੰ, ਬੱਚਿਆਂ ਨੂੰ ਆਪਣੇ ਧਰਮ ਬਾਬਤ ਵਧ ਤੋਂ ਵਧ ਜਾਣਕਾਰੀ ਹੋਵੇ ਤੇ ਉਹਨਾਂ ਨੂੰ ਆਪਣੇ ਧਰਮ ਲਈ ਸ਼ਰਧਾ ਪੈਦਾ ਹੋਵੇ । ਗੁਰੂ ਦੀ ਅਪਾਰ ਬਖ਼ਸ਼ਸ਼ ਨਾਲ ਦਾਸ ਨੂੰ ਇਸ ਕਾਰਜ ਵਿਚ ਪੂਰੀ ਸਫ਼ਲਤਾ ਪ੍ਰਾਪਤ ਹੋਈ ਹੈ । ਆਪਣੇ ਦਸਵੰਧ ਵਿਚੋਂ ਦਾਸ ਨੇ, ਸਚਖੰਡ ਪਤਰ, ਸਿੰਘ ਸਭਾ ਪਤਰ, ਗੁਰਮਤਿ ਪ੍ਰਕਾਸ਼, ਗੁਰਦੁਆਰਾ ਗਜ਼ਟ, ਗੁਰਮਤਿ, ਮਿਸ਼ਨਰੀ, ਸਿੱਖ ਫੁਲਵਾੜੀ, ਸੂਰਾ, ਸੀਸਗੰਜ, ਇਹ ਸਾਰੇ ਮਾਸਕ ਪਤਰ ਰਣਜੀਤ ਵੀਕਲੀ ਤੇ ਖ਼ਾਲਸਾ ਸਮਾਚਾਰ ਵੀਕਲੀ ਦੇ ਦੋ ਸੌ ਤੋਂ ਵਧ ਲਾਈਫ਼ ਮੈਂਬਰ ਬਣਾਏ ਹਨ । ਇਸ ਸੁਭ ਕਾਰਜ ਵਿਚ ਸਤਿਗੁਰੂ ਨੇ ਦਾਸ ਦੀ ਕਾਫ਼ੀ ਮਾਇਆ ਸਫਲੀ ਕੀਤੀ ਹੈ । ਪਰ ਦਿਲ ਵਿਚ ਬੇਅੰਤ ਖੁਸ਼ੀ ਮਿਲੀ ਹੈ । ਹੁਣ ਦੋ ਸੌ ਤੋਂ ਵਧ ਘਰਾਂ ਵਿਚ ਗੁਰਸਿਖੀ ਦੀ ਸਪਿਰਿਟ ਉਜਾਗਰ ਹੋ ਰਹੀ ਹੈ ਤੇ ਹੁੰਦੀ ਰਹੇਗੀ ।

ਇਕ ਗੱਲ ਮੈਂ ਪ੍ਰਤਖ ਅਨੁਭਵ ਕੀਤੀ ਹੈ ਤੇ ਹਰ ਰੋਜ਼ ਕਰ ਰਿਹਾ ਹਾਂ ਕਿ ਆਪਣੀ ਮੱਤ ਛਡ ਕੇ ਗੁਰੂ ਦੀ ਮੱਤ ਧਾਰਨ ਕਰ ਲਈਏ ਤਾਂ ਫਤਹ ਹੀ ਫਤਹ ਹੁੰਦੀ ਹੈ ।

---

**ਵੈਸਾਖੀ ਪ੍ਰੋਗਰਾਮ ਸੋਧ**—੧੦ ਅਪ੍ਰੈਲ ਸ਼ਨੀਵਾਰ ਸ਼ਾਮ ਦਾ ਕੀਰਤਨ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਹੋਵੇਗਾ ।

www.AKJ.Org

ਦੇ ਚਰਨ ਨਾ ਛਡੀਂ ।

ਭਗੀਰਥ ਇਹ ਕੌਤਕ ਦੇਖ ਕੇ ਬੈਰਾਗਵਾਨ ਹੋ ਗਿਆ ਅਤੇ ਗੁਰੂ ਨਾਨਕ ਜੀ ਦਾ ਨਾਂ ਸੁਣਦਿਆਂ ਹੀ ਮਤਿ ਉਜਲ ਹੋ ਗਈ। ਚੌਧਰਤਾ ਅਤੇ ਸਾਰੇ ਘਰ ਦੇ ਸੁਖ ਛਡ ਕੇ ਤੁਰ ਪਿਆ। ਪ੍ਰੇਮ ਪਰਵਾਹ ਦੇ ਹੜ ਵਿਚ ਸਿਜਦਾ ਭਿਜਦਾ ਸੁਲਤਾਨਪੁਰ ਦੁਕਾਨ ਤੇ ਪਹੁੰਚ ਗਿਆ। ਉਥੇ ਜਾਚਕਾਂ (ਮੰਗਤਿਆਂ) ਦੀ ਭੀੜ ਲਗੀ ਹੋਈ ਸੀ। ਦਰਸ਼ਨ ਕਰਦਿਆਂ ਹੀ ਡੰਡੇ ਵਾਂਗੂ ਲੰਮਾ ਪੈ ਗਿਆ। ਸੁਧੀ ਬੁਧੀ ਤੋਂ ਉਪਰ ਹੋ ਕੇ ਬੇਹੋਸ਼ ਹੋ ਗਿਆ।

ਮਹਾਰਾਜ ਉਠੇ, ਬਾਹਾਂ ਤੋਂ ਪਕੜ ਕੇ ਉਠਾਇਆ ਤੇ ਬਚਨ ਕੀਤਾ, ਕੀ ਮਨੋਰਥ ਹੈ ਤੇਰਾ ? ਭਾਈ ਤੂੰ ਕਿਥੋਂ ਆਇਆ ਹੈਂ ? "ਮਹਾਰਾਜ ਆਪ ਜਾਣੀ ਜਾਣ ਹੋ, ਪਰ ਆਗਿਆ ਅਨੁਸਾਰੀ ਹੋ ਕੇ ਬੇਨਤੀ ਕਰਦਾ ਹਾਂ, ਮੈਨੂੰ ਆਪਣੀ ਸ਼ਰਨ ਵਿਚ ਰਖੋ। ਮੈਨੂੰ ਦੇਵੀ ਦੀ ਉਪਾਸ਼ਨਾ ਤੋਂ ਬਾਅਦ, ਉਸ ਨੇ ਹੀ ਮੈਨੂੰ ਇਸ ਰਸਤੇ ਤੇ ਪਾਇਆ ਹੈ।" ਉਸ ਦੀ ਦੀਨ ਅਵਸਥਾ ਦੇਖ ਕੇ ਸਤਿਗੁਰੂ ਜੀ ਤਰੁੱਠੇ। ਉਸ ਵਲ ਕਿਰਪਾ-ਦ੍ਰਿਸ਼ਟੀ ਨਾਲ ਤੱਕੇ। ਬਸ,ਉਹ ਤਕਣੀ ਅੰਦਰ ਬਾਹਰ ਠਾਰ ਗਈ। ਉਹ ਅੰਦਰੇ ਅੰਦਰ ਹੀ ਸੁਆਦ ਨਾਲ ਭਰਪੂਰ ਹੋ ਗਿਆ। ਸਤਿਗੁਰਾਂ ਨੇ ਉਸ ਨੂੰ ਗਿਆਨ ਦਾ ਛੱਟਾ ਦੇ ਕੇ ਪ੍ਰਗਟ ਕਰ ਦਿਖਾਇਆ ਕਿਸਾਰਾ ਸੰਸਾਰ ਇਕ ਪਰਪੰਚ ਹੀ ਹੈ ਅਤੇ ਕੇਵਲ ਪ੍ਰਭੂ ਦਾ ਨਾਮ ਹੀ ਇਸ ਜੀਵ ਨੂੰ ਉਧਾਰਨ ਦੇ ਸਮਰੱਥ ਹੈ। ਉਸਨੂੰ ਨਾਮ ਹੀ ਜਪਣ ਦੀ ਆਗਿਆ ਕੀਤੀ।

ਹੁਣ ਭਗੀਰਥ ਸੇਵਾ ਸਿਮਰਨ ਵਿਚ ਜੁਟ ਗਿਆ। ਕਾਫ਼ੀ ਸਮਾਂ ਬੀਤਿਆ ਤਾਂ ਭਾਈ ਮਰਦਾਨਾ ਜੀ ਆ ਬਹੁੜੇ। ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਮਰਦਾਨੇ ਤੋਂ ਤਲਵੰਡੀ ਵਿਚ ਰਹਿਣ ਵਾਲੇ ਰਾਇ ਬੁਲਾਰ ਜੀ ਦੀ ਅਤੇ ਪਰਵਾਰ ਦੀ ਸੁਖ ਸਾਂਦ ਪੁਛੀ। ਫਿਰ ਮਰਦਾਨੇ ਨੇ ਬੇਨਤੀ ਕੀਤੀ, ਜਜਮਾਨ ! ਜਦੋਂ ਦਾ ਮੈਂ ਆਪ ਜੀ ਦੀ ਚਰਨੀਂ ਲਗਾ ਹਾਂ ਤਾਂ ਆਪ ਜੀ ਨੇ ਹੁਕਮ ਕੀਤਾ ਸੀ ਕਿ ਕਿਸੇ ਹੋਰ ਪਾਸੋਂ ਨਹੀਂ ਮੰਗਣਾ। ਸੋ ਗੁਜ਼ਰਾਨ ਬੜੀ ਸੋਹਣੀ ਚਲ ਰਹੀ ਹੈ। ਪਰ ਹੁਣ ਲੜਕੀ ਦਾ ਵਿਆਹ ਕਰਨਾ ਹੈ। ਇਹ ਮਹਾਨ ਖਰਚ ਹੈ।

ਗੁਰੂ ਜੀ ਨੇ ਭਾਈ ਭਗੀਰਥ ਨੂੰ ਕੋਲ ਬੁਲਾਇਆ ਅਤੇ ਕਿਹਾ ਕਿ ਤੂੰ ਹਰ ਕੰਮ ਵਿਚ ਸਿਆਣਾ ਹੈਂ। ਵਿਆਹ ਦੀ ਸਾਰੀ ਸੋਜ ਸਮਿਗਰੀ ਲਿਖੋ ਅਤੇ ਲਾਹੌਰ ਜਾਓ। ਉਥੇ ਇਕ ਸ਼ਾਹ ਰਹਿੰਦਾ ਹੈ, ਜਿਸ ਦਾ ਨਾਮ ਮਨਸੁਖ ਹੈ। ਉਹ ਸ਼ਹਿਰ ਦਾ ਚੰਗਾ ਧਨੀ ਵਪਾਰੀ ਹੈ। ਉਸ ਕੋਲੋਂ ਸਾਰੀ ਵਸਤ ਲੈ ਕੇ ਮਰਦਾਨੇ ਨੂੰ ਦਿਓ। ਪਰ ਭਾਈ ਭਗੀਰਥ ਜੀ, ਉਥੇ ਰਹਿਣਾ ਇਕ ਰਾਤ ਹੀ ਹੈ, ਇਹ ਸਾਡਾ ਬਚਨ ਮੰਨਣਾ ਹੈ।

ਭਾਈ ਸਾਹਿਬ ਆਗਿਆ ਪਾ ਕੇ ਮੱਥਾ ਟੇਕ ਕੇ ਚਲੇ ਗਏ। ਮਨਮੁਖ ਸ਼ਾਹ ਦੀ ਖੋਜ ਕਰ ਕੇ ਜਾ ਦਰਸ਼ਨ ਕੀਤੇ ਅਤੇ ਚੀਜ਼ਾਂ ਦੀ ਲਿਸਟ ਦਿਤੀ। ਮਨਸੁਖ ਜੀ ਕਹਿਣ ਲਗੇ, ਹੋਰ ਚੀਜ਼ਾਂ ਸਾਰੀਆਂ ਮਿਲ ਜਾਣਗੀਆਂ ਪਰ ਚੂੜੇ ਨੂੰ ਦੇਰੀ ਲਗੇਗੀ। ਤਾਂ ਭਾਈ ਭਗੀਰਥ ਜੀ ਕਹਿਣ ਲਗੇ ਕਿ ਮੈਂ ਗੁਰੂ ਜੀ ਦੇ ਹੁਕਮ ਅਨੁਸਾਰ ਇਕ ਰਾਤ ਹੀ ਰਹਿ ਸਕਦਾ ਹਾਂ। ਉਹ ਸੁਣ ਕੇ ਹੈਰਾਨ ਹੋਇਆ ਤੇ ਕਹਿਣ ਲਗਾ,ਅਜਿਹਾ ਕਿਹੜਾ ਗੁਰੂ ਹੈ, ਜਿਸ ਦਾ ਤੂੰ ਇਤਨਾ ਸ਼ਰਧਾਲੂ ਅਤੇ ਬਚਨ ਅਨੁਸਾਰੀ ਹੈਂ ? ਕਲਿਜੁਗ ਵਿਚ ਪੂਰਾ ਗੁਰੂ ਕਿਥੇ ? ਸਭ ਮਾਇਆ ਦੇ ਗ੍ਰਸੇ ਹੋਏ ਅਤੇ ਮਾਇਆ ਦੇ ਰੰਗ ਵਿਚ ਮਸਤ ਹਨ।

ਤਾਂ ਭਾਈ ਭਗੀਰਥ ਜੀ ਨੇ ਕਿਹਾ ਕਿ ਇਸ ਵਿਚ ਸੰਸਾ ਨਾ ਕਰੋ, ਸ਼ਰਧਾ ਨਾਲ ਮਨ ਵਿਚ ਯਾਦ ਕਰੋ ਅਤੇ ਦਰਸ਼ਨ ਕਰੋ। ਕਲਿਜੁਗ ਵਿਚ ਤਾਰਨ ਲਈ ਓਹ ਹੀ ਸਮਰੱਥ ਹਨ। ਉਹ ਪਰਮੇਸ਼ੁਰ ਦੇ ਹੀ ਸਰੂਪ ਹਨ, ਘਟ ਘਟ ਦੀ ਜਾਣਨਹਾਰ ਹਨ। ਮਨਸੁਖ ਦਿਲ ਵਿਚ ਕਹਿੰਦਾ, ਜੇ ਮੈਂ ਕੋਈ ਕਲਾ ਦੇਖਾਂ ਤਾਂ ਪ੍ਰਤੀਤ ਹੋਵੇ। ਦੰਭੀ ਗੁਰੂ ਸਾਧ ਬਹੁਤੇ ਵੇਖੇ ਹਨ. ਜਿਨ੍ਹਾਂ ਕੋਲ ਗਇਆਂ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ।

ਇਸ ਤਰ੍ਹਾਂ ਕਰਦਿਆਂ ਉਨ੍ਹਾਂ ਸਾਰੀ ਸੌਜ ਸਮਿਗਰੀ ਇਕੱਠੀ ਕਰ ਲਈ ਅਤੇ ਪਰਸ਼ਾਦ ਪਾਣੀ ਛਕਣ ਤੋਂ ਬਾਅਦ ਬਚਨ ਬਿਲਾਸ ਕਰਦੇ ਰਹੇ। ਭਾਈ ਭਗੀਰਥ ਜੀ ਦੀ ਸੰਗਤ ਦਾ ਰੰਗ ਮਨਸੁਖ ਸ਼ਾਹ ਨੂੰ ਚੜ੍ਹ ਗਿਆ। ਇਕ ਚੂੜਾ ਜੋ ਸਪੈਸ਼ਲ ਘਰ ਵਿਚ ਪਿਆ ਸੀ, ਰਹਿ ਨ ਸਕਿਆ ਤੇ ਭਾਈ ਭਗੀਰਥ ਜੀ ਨੂੰ ਦੇ ਦਿਤਾ।

[ਬਾਕੀ ਦੇਖੋ ਸਫ਼ਾ ੪੨ ਦੇ ਹੇਠ]



www.AKJ.Org

# 'ਸੂਰਾ' ਦੇ ਪੁਰਾਣੇ ਅਮਾਨਤੀ ਲਾਈਫ ਮੈਂਬਰ

ਹੇਠ ਲਿਖੇ ੬੬ ਪੁਰਾਣੇ ਅਮਾਨਤੀ ਲਾਈਫ ਮੈ ਬਰਾਂ ਵਲੋਂ ਫਰਵਰੀ ੧੯੮੨ ਵਿਚ ਨਵੇਂ ਵਧੇ ਰੇਟਾਂ ਅਨੁਸਾਰ ਪੰਜਾਹ ਪੰਜਾਹ ਰੁਪਏ ਹੋਰ ਪੁਜੇ ਹਨ, ਜਿਨ੍ਹਾਂ ਦੀ ਬੈਂਕ ਵਿਚੋਂ ਬਣਵਾਈ ਗਈ ਐਫ. ਡੀ. ਦਾ ਨੰਬਰ ਇਸ ਪ੍ਰਕਾਰ ਹੈ-

310491/1104/82 ਮਿਤੀ 5-2-82 ਤੋਂ 5-2-85, ਰਕਮ 3300-00

ਸ. ਗੁਰਲਾਲ ਸਿੰਘ ੩੦੧੬, ਸ. ਹਰਚਰਨ ਸਿੰਘ ੩੦੨੭, ਸ. ਅਤਰ ਸਿੰਘ ਅਰਵਿੰਦਰ ਸਿੰਘ ੩੦੩੫, ਸ. ਜਸਵੰਤ ਸਿੰਘ ਅਰੋਰਾ ੩੦੫੦, ਸ. ਈਸ਼ਵਰ ਸਿੰਘ ੩੦੬੦, ਸ. ਪਿਆਰਾ ਸਿੰਘ ੩੦੬੨. ਸ. ਪ੍ਰਤਾਪ ਸਿੰਘ ਐਡਵੋਕੇਟ ੩੦੬੬, ਸ. ਚਰਨ ਸਿੰਘ ਭੋਗਲ ੩੧੦੧, ਸ. ਨਿਰਮਲ ਸਿੰਘ ੩੧੦੨, ਭਾ: ਬੂਟਾ ਸਿੰਘ ੩੧੧੨. ਡਾ: ਦਲਬੀਰ ਸਿੰਘ ੩੧੧੩, M.W.O. ਮੁਖਤਾਰ ਸਿੰਘ ੩੧੩੬, ਸ. ਹਰਮਿੰਦਰ ਸਿੰਘ ੩੧੫੭, ਸ. ਗੁਰਬਖਸ਼ ਸਿੰਘ ਇੰਦਰਜੀਤ ਸਿੰਘ ੩੧੬੬, H.M.T. ਗੁਰਦੇਵ ਸਿੰਘ ਮਾਹਲ ੩੧੭੫, W.O. ਮਹਿਮਾ ਸਿੰਘ ੩੧੯੬. ਸ. ਕੰਵਰ ਸਿੰਘ ੩੨੮੪, ਡਾ. ਮਹਿੰਦਰ ਸਿੰਘ ੩੨੬੧. ਸ. ਜੋਗਿੰਦਰ ਸਿੰਘ ਚਮਨ ੩੨੯੬, ਸ. ਰਣਬੀਰ ਸਿੰਘ ੩੨੮੦, ਭਗਤ ਹਰਦਿਤ ਸਿੰਘ ੩੩੧੧, ਭਾ. ਸੂਰਤ ਸਿੰਘ ਪੂਰਨ ਜੀ ੩੩੪੭, ਬੀਬੀ ਸਤਵੰਤ ਕੌਰ ੩੩੫੨. ਸ. ਦਰਸ਼ਨ ਸਿੰਘ ੩੩੫੪, ਸ: ਪ੍ਰਤਾਪ ਸਿੰਘ ੩੩੭੯, ਸ. ਸ਼ਿਵਚਰਨ ਸਿੰਘ ੩੩੮੫, ਸ. ਕੁਲਵਿੰਦਰ ਸਿੰਘ ਢਿਲੋਂ ੩੪੦੪, ਬੀਬੀ ਇੰਦਰਜੀਤ ਕੌਰ ੩੪੦੭, ਸ. ਹਰੀ ਸਿੰਘ ੩੪੨੦, ਸ. ਬਲਬੀਰ ਸਿੰਘ ੩੪੪੩, ਸ. ਅਮਰਜੀਤ ਸਿੰਘ ਖੁਰਾਣਾ ੩੪੬੧, ਸ. ਹਰਦਿਆਲ ਸਿੰਘ ੩੪੭੫, ਸ. ਚਰਨਜੀਤ ਸਿੰਘ ੩੪੮੧, ਸ. ਘੁਮੰਡ ਸਿੰਘ ੩੪੯੧, ਸੂ. ਮੇਜਰ ਪ੍ਰੀਤਮ ਸਿੰਘ ੩੪੯੩, ਸ. ਅਮਰਜੀਤ ਸਿੰਘ ੩੫੦੮, ਸ. ਹਰਭਜਨ ਸਿੰਘ ੩੫੪੭, ਸ੍ਰੀਮਤੀ ਗੁਰਮੇਜ ਕੌਰ ੩੫੫੨, ਸ. ਮਹਿੰਦਰ ਸਿੰਘ ਖੂਹਵਾਲਾ ੩੫੬੩, ਸ. ਜੋਗਿੰਦਰ ਸਿੰਘ ੩੫੬੭, ਸ. ਪ੍ਰੀਤਮ ਸਿੰਘ ਜਸਵੰਤ ਸਿੰਘ ੩੫੮੦, ਮੇਜਰ ਗੁਰਦੀਪ ਸਿੰਘ ੩੫੮੩, ਸ. ਚਰਨਜੀਤ ਸਿੰਘ ੩੫੮੫; ਸ. ਜੋਗਿੰਦਰ ਸਿੰਘ S.E. ੩੬੦੩, ਸ. ਕਰਨੈਲ ਸਿੰਘ ੩੬੨੩, ਸ. ਕਰਮਜੀਤ ਸਿੰਘ ਸੇਖੋਂ ੩੬੨੬, ਸ. ਸਵਰਨ ਸਿੰਘ ਚੀਮਾਂ ੩੬੨੭, ਭਾ. ਹਜੂਰਾ ਸਿੰਘ ੩੬੩੮, ਸ. ਅਛਰ ਸਿੰਘ ਭੁਲਰ ੩੬੫੧. ਸ. ਤਰਲੋਕ ਸਿੰਘ ੩੬੮੬, ਮਿਸਜ਼ ਮਹਿੰਦਰ ਕੌਰ ਸਿਧੂ ੩੬੯੨, ਗਿ. ਅਮਰੀਕ ਸਿੰਘ ੩੬੯੫, ਸ. ਹਰਜਿੰਦਰ ਸਿੰਘ ੩੭੦੦. ਸ. ਪਿਆਰਾ ਸਿੰਘ ੩੭੨੪, ਗੁਰਦਵਾਰਾ ਪੁਰਾਮੁਫਤੀ ਅਲਾਹਾਬਾਦ ੩੭੫੩, ਸ. ਮਨਜੀਤ ਸਿੰਘ ੩੭੫੮, ਮਿਸਤਰੀ ਅਮਰ ਸਿੰਘ ੩੭੬੩, ਗੁਰਦਵਾਰਾ ਲਾਇਬਰੇਰੀ A,S.M.T. ਬੰਗਲੌਰ ੩੨੭੨, sgt. ਜੋਗਿੰਦਰ ਸਿੰਘ ੩੭੭੬, ਪ੍ਰੈਜ਼ੀਡੈਂਟ ਗੁਰਦਵਾਰਾ ਟੈਂਬਰਮ ਮਦਰਾਸ ੩੭੮੭, ਸ. ਮਨਮੋਹਨ ਸਿੰਘ A.E.E. ੩੮੦੯, ਸ. ਚਰਨਜੀਤ ਸਿੰਘ ੩੮੧੨, ਜੇ.ਐਸ.ਚੋਪੜਾ ੩੮੨੨, ਸ. ਜੀਵਨ ਸਿੰਘ ਰੰਧਾਵਾ ੩੮੨੭, ਸ. ਵਸਨ ਸਿੰਘ ੩੯੦੨. ਸ. ਰਛਪਾਲ ਸਿੰਘ ੩੯੩੮।

ਮਾਰਚ ੧੯੮੨ ਵਿਚ ਹੇਠ ਲਿਖੇ ੩੮ ਅਮਾਨਤੀ ਲਾਈਫ ਮੈਂਬਰਾਂ ਵਲੋਂ ਪੰਜਾਹ ਪੰਜਾਹ ਰੁਪਏ ਪੁਜੇ ਹਨ। ਇਨ੍ਹਾਂ ਦੀ ਐਫ. ਡੀ. ਦਾ ਨੰਬਰ ਹੈ-੩੧੩੧੩੪/੧੪੭/੮੨ ਮਿਤੀ ੨੨-੩-੮੨ ਤੋਂ ੨੨-੩-੮੫ ਰਕਮ ੧੯੦੦-੦੦।

ਬੀਬੀ ਚਰਨ ਕੌਰ ੩੦੨੪, ਸ. ਗੁਰਚਰਨ ਸਿੰਘ ੩੦੭੮. ਡਾ. ਦਰਸ਼ਨ ਸਿੰਘ ੩੦੪੭, ਨਾਇਕ ਸੋਹਨ ਸਿੰਘ ਰੈਣਾ ੩੦੭੭, ਸ. ਪ੍ਰਾਣ ਸਿੰਘ ੩੧੯੨, ਸ. ਮੋਹਨ ਸਿੰਘ ੩੧੯੮, ਸ. ਹਿੰਮਤ ਸਿੰਘ ੩੨੪੯. ਸ. ਅਜੀਤ ਸਿੰਘ ੩੨੮੨, ਸ. ਰਾਜਿੰਦਰ ਸਿੰਘ ੩੨੮੦, ਸ. ਹਰਪਾਲ ਸਿੰਘ ੩੩੧੮, ਸ. ਸਵਰਨਦਾਸ ਸਿੰਘ ੩੩੨੩, ਸ. ਜਸਵੰਤ ਸਿੰਘ ੩੩੩੧, ਸ. ਦਵਿੰਦਰ ਸਿੰਘ ਬੈਂਸ ੩੩੫੩, ਸੂਬੇਦਾਰ ਹਰਦਿਤ ਸਿੰਘ ੩੩੬੨, ਸ. ਅਜੀਤ ਸਿੰਘ S.O. ੩੩੬੬. ਸ. ਸੋਹਨ ਸਿੰਘ ਘਈ ੩੩੭੭, ਸ. ਦਲੀਪ ਸਿੰਘ ੩੩੯੨, ਸ. ਮਿਹਰ ਸਿੰਘ ਖੁਰਾਣਾ ੩੩੯੯. ਸ. ਜਗਦੇਵ ਸਿੰਘ ਮਿੱਲਚ ੩੪੦੬. ਸ. ਹਰਭਜਨ ਸਿੰਘ ੩੪੦੯. ਸ. ਜੋਗਿੰਦਰ ਸਿੰਘ ਨਾਗਰਾ ੩੪੨੫, ਸ. ਜਰਨੈਲ ਸਿੰਘ ੩੪੩੪, J.W.O. ਅਵਤਾਰ ਸਿੰਘ ੩੪੩੫ ਸ. ਮੋਹਿੰਦਰ ਸਿੰਘ ੩੪੩੭, ਸ: ਹਰਮੋਹਨ ਸਿੰਘ ੩੪੯੮, ਸ. ਵੀਰ ਸਿੰਘ ੩੫੩੭, Cpl. ਪ੍ਰਨਾਮ ਸਿੰਘ ੩੫੭੩, ਸ. ਨਿਰੰਜਨ ਸਿੰਘ ੩੬੨੦, ਭਾ. ਪ੍ਰੀਤਮ ਸਿੰਘ ੩੬੪੧, ਸ. ਜਸਦੀਪ ਸਿੰਘ ੩੬੪੮, ਸ. ਹਰਭਜਨ ਸਿੰਘ ੩੭੨੩, ਸ. ਜਸਪਾਲ ਸਿੰਘ ਬੱਗਾ ੩੭੫੭, ਸ: ਹਰਦੇਵ ਸਿੰਘ ੩੭੮੦ ਸ. ਮਹਿੰਦਰਾ ਸਿੰਘ ੩੮੩੩, ਸ. ਇੰਦਰਜੀਤ ਸਿੰਘ ਐਮ.ਏ. ੩੩੪੩, ਸ. ਗੁਰਦੇਵ ਸਿੰਘ ੩੯੦੮, ਸ. ਜਸਵੰਤ ਸਿੰਘ ਗੁਜਰਾਲ ੩੯੧੭, ਸ. ਜਸਪਾਲ ਸਿੰਘ ੩੯੧੯।

# ਨਵੇਂ ਅਮਾਨਤੀ ਲਾਈਫ ਮੈਂਬਰ

ਮਹੀਨਾ ਫਰਵਰੀ ਵਿਚ ਹੇਠ ਲਿਖੇ ੮ ਸੱਜਣਾਂ ਦੇ ਡੇਢ ਡੇਢ ਸੌ ਰੁਪਏ ਪੁਜੇ ਹਨ। ਐਫ.ਡੀ.ਦਾ ਨੰਬਰ ਇਹ ਹੈ ੩੧੦੪੯੨/੦੫/੮੨ ਮਿਤੀ ੨੫-੨-੮੨ ਤੋਂ ੨੫-੨-੮੫. ਰੁਕਮ ੧੨੦੦ ਰੁਪਏ।

www.AKJ.Org

ਸ. ਬਲਦੇਵ ਸਿੰਘ ਸੰਧੂ ਲੁਧਿਆਣਾ ੩੯੬੬, ਸ. ਇਕਬਾਲ ਸਿੰਘ ਬੇਦੀ ਕਾਂਪਟੀ ੩੯੬੭, ਇਕ ਬੀਬੀ ਜੀ ੩੯੬੮, ਸ. ਜਗਦੇਵ ਸਿੰਘ ਫਾਰਮਾਸਿਸਟ ਰਾਮਗੜ੍ਹ ਚੁੰਘਾਂ ੩੯੬੯, ਸ. ਨਿਰੰਜਨ ਸਿੰਘ ਲੁਧਿਆਣਾ ੩੯੭੦, ਸਲੂਜਾ ਆਟੋ ਸਟੋਰ ਕਾਨਪੁਰ ੩੯੭੧; ਸ. ਜਗਮੋਹਨ ਸਿੰਘ ਸਚਦੇਵਾ ੩੯੭੨, ਸ. ਜਸਵੰਤ ਸਿੰਘ ਬਜੀ ਪਠਾਣਾਂ ੩੯੭੩।

**ਮਹੀਨਾ ਮਾਰਚ ਵਿਚ ਯੂ.ਕੇ. ਦੇ ਇਕ ਮੈਂਬਰ ਵਲੋਂ ੬੫੦ ਰੁਪਏ, ਯੂ.ਐਸ.ਏ. ਦੇ ਇਕ ਮੈਂਬਰ ਵਲੋਂ ੭੫੦ ਰੁਪਏ ਅਤੇ ਦੇਸ਼ ਦੇ ਬਾਕੀ ੯ ਮੈਂਬਰਾਂ ਵਲੋਂ ਡੇਢ ਡੇਢ ਸੌ ਰੁਪਏ ਪੁਜੇ ਹਨ। ਐਫ.ਡੀ. ਦਾ ਨੰਬਰ ਇਸ ਤਰ੍ਹਾਂ ਹੈ—੩੧੩੧੩੫/੧੪੮/੮੨ ਮਿਤੀ ੨੨-੩-੮੨ ਤੋਂ ੨੨-੩-੮੫, ਰਕਮ ੨੭੫੦—੦੦।**

ਸ. ਕਿਰਪਾਲ ਸਿੰਘ ਖਾਲਸਾ ਲੁਧਿਆਣਾ ੩੯੭੪, ਬੀਬੀ ਮਨਮੋਹਨ ਕੌਰ ਯੂ.ਕੇ. ੩੯੭੫/੨੦੯੫, ਸ. ਜਸਵੰਤ ਸਿੰਘ ਪੂਹਲਾ ੩੯੭੬, ਸ. ਦਵਿੰਦਰ ਸਿੰਘ ਪ੍ਰਤਾਪ ਸਿੰਘ ਅਹਿਮਦਾਬਾਦ ੩੯੭੭, ਸ. ਮੋਹਿੰਦਰ ਸਿੰਘ ਅੰਮ੍ਰਿਤਸਰ ੩੯੭੮, ਸ. ਗੁਰਬਚਨ ਸਿੰਘ ਪਖੋਵਾਲ ੩੯੭੯, ਸ. ਜਗਦੀਸ਼ ਸਿੰਘ ਯੂ.ਐਸ.ਏ. ੩੯੮੦/੨੨੨੫, ਭਾ. ਗਿਆਨ ਸਿੰਘ ਭੂਪਾਲ ੩੯੮੧, ਭਾ. ਜਗਜੀਤ ਸਿੰਘ ਭੂਪਾਲ ੩੯੮੨, ਗੁਰਦਵਾਰਾ ੩ ਏਅਰ FMN ਸਿਗਨਲ ਰੇਜਮੈਂਟ ੩੯੮੩, ਸ. ਇੰਦਰਜੀਤ ਸਿੰਘ ਛਾਬੜਾ ਹੈਦਰਾਬਾਦ ੩੯੮੪।

---

[ਸਫ਼ਾ ੪੦ ਦੀ ਬਾਕੀ]

ਇਸ ਸਾਰੀ ਵਸਤ ਸਮੇਤ ਦੋਵੇਂ ਤਿਆਰ ਹੋ ਕੇ ਚਲ ਪਏ। ਸਫ਼ਰ ਪੂਜਾ ਕਰ ਕੇ ਜਾ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਤਾਂ ਗੁਰੂ ਜੀ ਨੇ ਕਿਹਾ, ਭਾਈ ਭਗੀਰਥ ਜੀ, ਆਪ ਜੀ ਨੇ ਮਲਿਆਗਰ ਅਤੇ ਭ੍ਰਿੰਗੇ ਵਾਂਗ, ਜੋ ਹੋਰ ਕੀੜਿਆਂ ਨੂੰ ਵੀ ਭ੍ਰਿੰਗੂ ਬਣਾ ਲੈਂਦਾ ਹੈ, ਪਰਉਪਕਾਰ ਕੀਤਾ ਹੈ। ਅਗੇ ਇਹ ਨਾਂ ਦਾ ਹੀ ਮਨਸੁਖ ਸੀ,ਹੁਣ ਇਹ ਇਸ ਨਾਮ ਨੂੰ ਸੱਚਾ ਕਰਨਾ ਚਾਹੁੰਦਾ ਹੈ।

ਭਾਈ ਭਗੀਰਥ ਨੇ ਸਾਰੀ ਵਸਤ ਅਗੇ ਰਖ ਕੇ ਬੇਨਤੀ ਕੀਤੀ, ਮਹਾਰਾਜ, ਇਹ ਆਪ ਜੀ ਦਾ ਸਿਖ ਬਣਨ ਲਈ ਆਇਆ ਹੈ। ਗੁਰੂ ਜੀ ਨੇ ਮਰਦਾਨਾ ਜੀ ਨੂੰ ਸਾਰੀ ਵਸਤ ਅਤੇ ਬਹੁਤ ਸਾਰਾ ਧਨ ਦਿਤਾ ਅਤੇ ਮਰਦਾਨਾ ਜੀ ਚਲੇ ਗਏ। ਦੋ ਕੁ ਦਿਨਾਂ ਬਾਅਦ ਭਾਈ ਮਨਮੁਖ ਬੇਨਤੀ ਕਰਨ ਲਗਾ, ਮਹਾਰਾਜ, ਮੇਰੇ ਤੇ ਕਿਰਪਾ ਕਰੋ ਅਤੇ ਉਪਦੇਸ਼ ਦਿਓ। ਮੇਰਾ ਜਨਮ ਮਰਨ ਕਟੋ, ਮੈਨੂੰ ਆਪਣਾ ਸਿਖ ਬਣਾ ਕੇ ਜੀਵਨ ਮੁਕਤੀ ਬਖਸ਼ੋ ਜੀ। ਤਾਂ ਸਤਿਗੁਰ ਜੀ ਨੇ ਮੇਹਰ ਕੀਤੀ। ਉਸ ਨੂੰ ਨਾਮ ਦੀ ਦਾਤਿ ਬਖਸ਼ੀ ਅਤੇ ਉਪਦੇਸ਼ ਦਿਤਾ, ਹਉਮੈ ਦਾ ਤਿਆਗ ਕਰੋ। ਜਿਥੇ ਹਉਮੈ ਹੈ, ਉਥੇ ਪ੍ਰਭੂ ਦਾ ਵਾਸਾ ਨਹੀਂ ਹੋ ਸਕਦਾ। ਸਭ ਕੁਝ ਦਿਤਾ ਹੋਇਆ ਵਾਹਿਗੁਰੂ ਦਾ ਹੈ। ਇਸ ਕਰਕੇ ਉਸ ਦਾ ਨਾਮ ਜਪੋ। ਹਉਮੈ ਤੋਂ ਬਚਣਾ ਹੈ ਤੇ ਉਸ ਪਰਮੇਸ਼ੁਰ ਦਾ ਭਾਣਾ ਮਿਠਾ ਕਰਕੇ ਮੰਨਣਾ ਹੈ। ਅਤੇ ਫਿਰ ਇਸ ਨਾਸਵੰਤ ਸੰਸਾਰ ਤੋਂ ਨਿਰਲੇਪ ਰਹਿਣਾ ਹੈ।

ਇਸ ਤਰ੍ਹਾਂ ਭਾਈ ਮਨਸੁਖ ਜੀ ਆਤਮ ਅਨੰਦ ਵਿਚ ਲੀਨ ਹੋ ਗਏ। ਸੇਵਾ ਸਿਮਰਨ ਕਰਦੇ ਅਤੇ ਕਿਰਤ ਕਰ ਕੇ ਵੰਡ ਛਕਦੇ। ਕਦੀ ਕਦੀ ਦਰਸ਼ਨ ਕਰਨ ਆਉਂਦੇ। ਇਉਂ ਜਨਮ ਸਫਲ ਕੀਤਾ।

ਗੁਰਸਿਖ ਸੁਣਿ ਗੁਰ ਸਿਖ, ਸਿਖ ਸਦਾਇਆ॥ ਗੁਰਸਿਖੀ ਗੁਰਸਿਖ ਸਿਖ ਸੁਣਾਇਆ॥
ਗੁਰ ਸਿਖ ਸੁਣਿ ਕਰਿ, ਭਾਉ ਮੰਨਿ ਵਸਾਇਆ॥ ਗੁਰਸਿਖਾ ਗੁਰਸਿਖ ਗੁਰਸਿਖ ਭਾਇਆ॥
ਗੁਰਸਿਖ ਗੁਰਸਿਖ ਸੰਗ, ਮੇਲ ਮਿਲਾਇਆ॥ ਚਉਪੜਿ ਸੋਲਹ ਸਾਰ ਜੁਗ ਜਿਣਿ ਆਇਆ॥

ਭਾਈ ਗੁਰਦਾਸ ਜੀ, ਵਾਰਾਂ ੨੦, ਪਉੜੀ ੧੮

---

## ਹੋਲਾ ਮਹੱਲਾ ਅਨੰਦਪੁਰ ਸਾਹਿਬ ਸਮਾਗਮ ਤੇ ਇਕ ਗੁਆਚੀ ਐਨਕ

ਕੁਝ ਮਾਇਆ ਸਮੇਤ ਸ: ਅਜੀਤ ਸਿੰਘ ਜੀ ਸੈਕਸ਼ਨਲ ਅਫਸਰ ਤਲਵੰਡੀ ਸਾਬੋ ਪਾਸ ਮੌਜੂਦ ਹੈ। ਉਹ ਵੈਸਾਖੀ ਸਮਾਗਮ ਸ੍ਰੀ ਅੰਮ੍ਰਿਤਸਰ ਤੇ ਲਈ ਆਉਣਗੇ।



www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਸ੍ਰੀ ਅਖੰਡ ਪਾਠ ਤੇ ਕੀਰਤਨ ਪ੍ਰੋਗਰਾਮ

ਸ: ਗੁਰਨਾਮ ਸਿੰਘ ਜੀ ਜਨਰਲ ਸਕੱਤਰ ਸੂਚਨਾ ਦਿੰਦੇ ਹਨ ਕਿ ਹੇਠ ਲਿਖੇ ਅਨੁਸਾਰ ਯੂ. ਕੇ. ਵਿਖੇ ਪ੍ਰੋਗਰਾਮ ਹੋ ਰਹੇ ਹਨ :-

(1) 15 ਤੋਂ 17 ਅਪ੍ਰੈਲ ਸ੍ਰੀ ਅਖੰਡ ਪਾਠ ਅਤੇ 17 ਅਪ੍ਰੈਲ ਨੂੰ ਰੈਣ ਸਬਾਈ ਕੀਰਤਨ, ਐਤਵਾਰ ਸਵੇਰੇ 6-30 ਭੋਗ
Guru Nanak Gurdwara, Tithe Barn Road Stafford ਫ਼ੋਨ 0785-58590
ਪੁਛ ਗਿਛ : ਬੀਬੀ ਇਕਬਾਲ ਕੌਰ ਜੀ ਟੈਲੀਫ਼ੋਨ Stafford 0785-660301

(2) 9 ਤੋਂ 11 ਸ੍ਰੀ ਅਖੰਡ ਪਾਠ, ਉਪਰੰਤ 11 ਐਤਵਾਰ ਨੂੰ 9 ਵਜੇ ਤੋਂ 1 ਵਜੇ ਦੁਪਹਿਰ ਤਕ ਅਖੰਡ ਕੀਰਤਨ
Gurdwara Sahib, Harnal Lane, Coventry
ਪੁਛ ਗਿਛ : ਭਾਈ ਜੋਗਿੰਦਰ ਸਿੰਘ ਜੀ ਲੈਸਟਰ Tel 0533-764179
ਭਾਈ ਭੁਪਿੰਦਰ ਸਿੰਘ ਜੀ Coventry Tel 0203-458429

---

## ਹਾਲੈਂਡ ਵਿਖੇ ਵਿਸਾਖੀ ਦੇ ਅਖੰਡ ਕੀਰਤਨ ਸਮਾਗਮ

ਖਾਲਸੇ ਦੇ ਜਨਮ ਦਿਨ ਵੈਸਾਖੀ ਦੇ ਸਮੇਂ ਹਾਲੈਂਡ ਵਿਚ ਹੇਠ ਲਿਖੇ ਅਨੁਸਾਰ ਸ੍ਰੀ ਅਖੰਡਪਾਠ ਤੇ ਕੀਰਤਨ ਦੇ ਸਮਾਗਮ ਹੋ ਰਹੇ ਹਨ। ਸਮੂਹ ਸੰਗਤਾਂ ਦਰਸ਼ਨ ਦੀਦਾਰੇ ਬਖ਼ਸ਼ ਕੇ ਧੰਨਵਾਦੀ ਬਣਾਉਣ।

9 ਅਪ੍ਰੈਲ ਸ਼ੁਕਰਵਾਰ ਸਵੇਰੇ ਅਖੰਡ ਪਾਠ ਅਰੰਭ
11 ,, ਸਵੇਰੇ ਭੋਗ ਉਪਰੰਤ 2 ਵਜੇ ਤਕ ਕੀਰਤਨ
12 ,, ਸ਼ਾਮ ਸੋਦਰ ਚੌਂਕੀ ਗੁ: ਸਾਹਿਬ ਰੋਟਰਡਮ
14 ,, ਸਵੇਰੇ ਦੂਜਾ ਅਖੰਡ ਪਾਠ ਅਰੰਭ
16 ,, ,, ਭੋਗ ਅਖੰਡ ਪਾਠ ਉਪਰੰਤ ਦੋ ਵਜੇ ਤਕ ਕੀਰਤਨ

10 ਅਪ੍ਰੈਲ ਸ਼ਾਮ 6 ਤੋਂ 8 ਅਖੰਡ ਕੀਰਤਨ
ਸ਼ਾਮ ਸੋਦਰ ਦੀ ਚੌਂਕੀ ਉਪਰੰਤ ਅੰਮ੍ਰਿਤ ਸਿੰਚਾਰ
13 ਅਪ੍ਰੈਲ ਸਵੇਰੇ ਨਿਸ਼ਾਨ ਸਾਹਿਬ ਦੀ ਰਸਮ ਤੇ ਦਿਵਸ ਸੁਹੇਲਾ
15 ਅਪ੍ਰੈਲ 6 ਤੋਂ 8 ਕੀਰਤਨ ਅਮਰੀਕਨ ਆਸ਼ਰਮ ਵਿਖੇ
ਸ਼ਾਮ ਨੂੰ ਪੂਰੀ ਸਮਾਪਤੀ

ਪ੍ਰੋਗਰਾਮ ਅਸਥਾਨ :- Sikh Temple, Tweed Wetering Dwars STR. 36
Amsterdam Centrum (Holland)

ਪੁਛ ਗਿਛ-ਗਿ: ਰਾਜਿੰਦਰ ਸਿੰਘ Tel. 020-125034 ਐਮਸਟਰਡੈਮ, ਭਾ: ਭੁਪਿੰਦਰ ਸਿੰਘ
Tel. 03240-31376

---

## ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਅੰਮ੍ਰਿਤਸਰ ਵਲੋਂ ਪਿੰਡਾਂ ਚਿ ਕੀਰਤਨ ਪ੍ਰੋਗਰਾਮ

ਵੈਸਾਖੀ 1978 ਦੇ ਸ਼ਹੀਦਾਂ ਦੀ ਯਾਦ ਵਿਚ ਪਿੰਡਾਂ ਵਿਚ ਰਾਤ ਨੂੰ 8 ਤੋਂ 11 ਤਕ ਕੀਰਤਨ ਹੋਣਗੇ।
17 ਅਪ੍ਰੈਲ ਸ਼ਨੀਵਾਰ ਦਾਦੂਪੁਰਾ (ਨੇੜੇ ਮਜੀਠਾ)

ਦਾਸਰਾ-ਗੁਰਦਿਆਲ ਸਿੰਘ

---

## ਅੰਬਾਲਾ ਸ਼ਹਿਰ ਵਿਖੇ ਰੈਣ ਸਬਾਈ ਕੀਰਤਨ

ਅੰਬਾਲਾ ਸ਼ਹਿਰ ਨਦੀ ਮਹੱਲਾ, ਭਾਈ ਤੀਰਥ ਸਿੰਘ ਜੀ ਦੇ ਗ੍ਰਿਹ ਨੰਬਰ 7218 ਵਿਖੇ 24 ਅਪ੍ਰੈਲ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

---

## ਤਲਵੰਡੀ (ਗੁਰਦਾਸਪੁਰ) ਵਿਖੇ ਸ੍ਰੀ ਅਖੰਡ ਪਾਠ ਤੇ ਕੀਰਤਨ

ਦਾਸਰਿਆਂ ਦੇ ਪਿਤਾ ਜੀ ਦੀ ਯਾਦ ਵਿਚ 25 ਅਪ੍ਰੈਲ ਐਤਵਾਰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ। ਉਪਰੰਤ 6 ਤੋਂ 11 ਵਜੇ ਤਕ ਕੀਰਤਨ ਹੋਣਗੇ। ਦਰਸ਼ਨ ਦੇ ਕੇ ਨਿਵਾਜੋ ਜੀ। ਇਹ ਪਿੰਡ ਧਾਰੀਵਾਲ ਤੋਂ ਨਹਿਰ ਦੇ ਕੰਢੇ 3 ਮੀਲ ਅਤੇ ਸੋਹਲ ਤੋਂ ਢਾਈ ਮੀਲ ਹੈ।

ਦਾਸਰੇ-ਦਲੀਪ ਸਿੰਘ, ਰਤਨ ਸਿੰਘ, ਹਰਭਜਨ ਸਿੰਘ, ਪਿੰਡ ਤਲਵੰਡੀ

---

ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

20 ਅਪ੍ਰੈਲ ਮੁਲਾਂਪੁਰ, 27 ਅਪ੍ਰੈਲ ਕਦੋਂ, 4 ਮਈ ਜੰਗਪੁਰ, 11 ਮਈ ਹਲਵਾਰਾ

---

ਲਾਕ੍ਰਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸ਼ਰ ਤੋਂ ੧. ੪. ੮੨ ਨੂੰ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ : 51847 ਘਰ : 43094

www.AKJ.Org

# ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ

## *10 ਅਪਰੈਲ ਸ਼ਨੀਵਾਰ ਸਵੇਰ ਤੋਂ 13 ਅਪਰੈਲ 1982 ਮੰਗਲਵਾਰ ਤਕ*

ਸਦਾ ਵਾਂਗ ਵੈਸਾਖੀ ਸਮਾਗਮ ਮਨਾਂਦਿਆਂ 1978 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਹਿਤ ਹੋਏ ਸ਼ਹੀਦਾਂ ਦੀ ਯਾਦ ਵਿਚ ਖਾਲਸੇ ਦੇ ਜਨਮ-ਦਿਨ ਵੈਸਾਖੀ ਉਤੇ ਨਾਮ ਬਾਣੀ ਵਿਚ ਜੁੜਨ ਲਈ ਸ੍ਰੀ ਅਖੰਡ ਪਾਠ ਤੇ ਕੀਰਤਨ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਹੇ ਹਨ । ਕੀਰਤਨ ਦੇ ਲਾਹੇ ਲੈਣ ਲਈ, ਅੰਮ੍ਰਿਤ-ਸਰੋਵਰ ਵਿਚ ਚੁਭੇ ਲਾਉਣ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰਿਆਂ ਲਈ ਹੁਮ ਹੁਮਾ ਕੇ ਆਇ ਦੀਦਾਰ ਬਖਸ਼ੋ ਜੀ ।

10 ਅਪ੍ਰੈਲ ਸਵੇਰੇ 4 ਤੋਂ 7 ਆਸਾ ਦੀ ਵਾਰ, ਉਪਰੰਤ ਸ੍ਰੀ ਅਖੰਡ ਪਾਠ ਸ੍ਰੀ ਗੁਰੂ ਰਾਮ ਦਾਸ ਹਾ: ਸੈ: ਸਕੂਲ ਵਿਖੇ
ਸ਼ਾਮ 6–30 ਤੋਂ 9-00 ਅਖੰਡ ਕੀਰਤਨ ਗੁਰਦਵਾਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਹਾਲ ਵਿਖੇ

11 ਅਪ੍ਰੈਲ ਸ਼ਵੇਰੇ 5-30 ਤੋਂ 12-00 ਅਖੰਡ ਕੀਰਤਨ ਗੁਰਦਵਾਰਾ ਲੋਹਗੜ੍ਹ ਸਾਹਿਬ ਵਿਖੇ
ਸ਼ਾਮ 6-00 ਤੋਂ 9 ਅਖੰਡ ਕੀਰਤਨ ਗੁਰਦਵਾਰਾ ਪਿਪਲੀ ਸਾਹਿਬ (ਪੁਤਲੀ ਘਰ) ਵਿਖੇ

12 ਅਪ੍ਰੈਲ ਸ਼ਵੇਰੇ 5-00 ਭੋਗ ਸ੍ਰੀ ਅਖੰਡਪਾਠ, 5-30 ਤੋਂ 1-00 ਦੁਪਹਿਰ ਤਕ ਅਖੰਡ ਕੀਰਤਨ ਗੁ: ਰਾਮਸਰ ਦੇ ਸਾਹਮਣੇ ਪੰਡਾਲ ਵਿਖੇ

ਸ਼ਾਮ 7-00 ਅੰਮ੍ਰਿਤ ਸਿੰਚਾਰ ਅਰੰਭ ਸ੍ਰੀ ਅਖੰਡਪਾਠ ਵਾਲੇ ਕਮਰੇ ਵਿਚ

12 ਅਪ੍ਰੈਲ ਸ਼ਾਮ 8-00 ਵਜੇ ਰੈਣ ਸਬਾਈ ਕੀਰਤਨ ਅਰੰਭ ਪੰਡਾਲ ਵਿਖੇ

13 ਅਪ੍ਰੈਲ ਸਵੇਰੇ 5-00 ਅਨੰਦ ਕਾਰਜ ਅਤੇ ਪੂਰੀ ਸਮਾਪਤੀ 8 ਵਜੇ ਸਵੇਰੇ ਵੈਸਾਖੀ ਵਾਲੇ ਦਿਨ ।

ਨੋਟ :–(੧) ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ। (੨) ਰਿਹਾਇਸ਼ ਗੁਰੂ ਰਾਮਦਾਸ ਹਾ: ਸੈ: ਸਕੂਲ ਵਿਖੇ ਹੋਵੇਗੀ

ਪੁਛ ਗਿਛ-ਸੂਰਾ ਮਾਸਕ ਪਤਰ, ਮਾਈ ਸੇਵਾਂ, ਅੰਮ੍ਰਿਤਸਰ ।(ਫੋਨ 51847) ਪ੍ਰਾਰਥਕ ਦਾਸਰੇ-ਅਖੰਡ ਕੀਰਤਨੀ ਜਥਾ ਅੰਮ੍ਰਿਤਸਰ

---

# ਹੁਸ਼ਿਆਰਪੁਰ ਵਿਖੇ ਸਾਲਾਨਾ ਸ਼ਹੀਦੀ ਸਮਾਗਮ ਪੰਚਮ ਪਾਤਸ਼ਾਹ

## *ਅਖੰਡ ਕੀਰਤਨੀ ਜਥਿਆਂ ਵਲੋਂ 25 ਤੋਂ 27 ਮਈ ਨੂੰ, ਵੇਰਵਾ ਆਉਂਦੇ ਪਰਚੇ ਵਿਚ*

---

# ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਰੈਣ ਸਬਾਈ ਕੀਰਤਨ

ਸ: ਅਜੀਤ ਸਿੰਘ ਜੀ ਭਾਗ ਅਫਸਰ ਤਲਵੰਡੀ ਸਾਬੋ ਸੰਗਤਾਂ ਦੀ ਸੇਵਾ ਵਿਚ ਬੇਨਤੀ ਕਰਦੇ ਹਨ ਕਿ ਗੁਰੂ ਕੀ ਕਾਂਸ਼ੀ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਜ਼ਿਲਾ ਬਠਿੰਡਾ ਵਿਖੇ 24 ਅਪਰੈਲ 1982 ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਗੁਰ ਅਸਥਾਨ ਦੀ ਯਾਤਰਾ ਕਰਦੇ ਹੋਏ ਨਾਮ ਬਾਣੀ ਤੇ ਕੀਰਤਨ ਦੇ ਲਾਹੇ ਪ੍ਰਾਪਤ ਕਰੋ ਜੀ ।

---

# ਸ਼ਹੀਦ ਦੀ ਯਾਦ ਵਿਚ ਅਖੰਡ ਕੀਰਤਨ ਸਮਾਗਮ

ਸ਼ਹੀਦ ਭਾਈ ਕੇਵਲ ਸਿੰਘ ਦੀ ਯਾਦ ਵਿਚ ਉਨ੍ਹਾਂ ਦੇ ਗ੍ਰਿਹ ਮਹੱਲਾ ਪ੍ਰੇਮ ਗੜ੍ਹ ਹੁਸ਼ਿਆਰਪੁਰ ਵਿਖੇ 4 ਅਪ੍ਰੈਲ ਐਤਵਾਰ ਸਵਰੇ 6 ਤੋਂ 11ਤਕ ਅਖੰਡ ਕੀਰਤਨ ਹੋਣਗੇ । ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ ਜੀ।

ਦਾਸਰੇ-ਅਖੰਡ ਕੀਰਤਨ ਜਥਾ, ਹੁਸ਼ਿਆਰਪੁਰ

---

# ਗੁਰਦਵਾਰਾ ਕਿਲ੍ਹਾ ਲੋਹਗੜ੍ਹ ਸ੍ਰੀ ਅੰਮ੍ਰਿਤਸਰ ਵਿਖੇ ਮਾਸਕ ਅਖੰਡ ਕੀਰਤਨ

ਗੁਰਦਵਾਰਾ ਲੋਹਗੜ੍ਹ ਸਾਹਿਬ ਵਿਖੇ 18 ਅਪ੍ਰੈਲ ਐਤਵਾਰ ਸ਼ਾਮ ਨੂੰ 5-30 ਤੋਂ 7-30 ਤਕ ਕੀਰਤਨ ਹੋਣਗੇ । ਲਾਹੇ ਪ੍ਰਾਪਤ ਕਰੋਜੀ । ਦਾਸਰਾ-ਸੁਰਿੰਦਰ ਸਿੰਘ, ਸੇਵਾ ਸੁਸਾਇਟੀ ਗੁ: ਸ੍ਰੀ ਲੋਹਗੜ੍ਹ ਸਾਹਿਬ

ਟਾਈਟਲ-ਨਵਕੇਤਨ ਪ੍ਰੈਸ, ਅੰਮ੍ਰਿਤਸਰ ।

www.AKJ.Org